

ਵੀਰਵਾਰ 25 ਅਪ੍ਰੈਲ 2024

ਲੋਕ ਬਾਣੀ

ਵੀਰਵਾਰ ਸਪੈਸ਼ਲ

# ਜਾਨਵਰਾਂ ਦੀ ਕਦਰ ਘਰ ਦੇ ਬਜ਼ੁਰਗਾਂ ਨਾਲੋਂ ਜ਼ਿਆਦਾ ਹੁੰਦੀ ਹੈ



ਆਮ ਤੌਰ ‘ਤੇ ਦੇਖਿਆ ਜਾਂਦਾ ਹੈ ਕਿ ਲੋਕ ਜਦੋਂ ਜਵਾਨੀ ਵਿਚ ਹੁੰਦੇ ਹਨ ਤਾਂ ਜ਼ਿਆਦਾਤਰ ਤੇ ਖ਼ਾਸ ਕਰਕੇ ਪੁਰਸ਼ ਇਹ ਵਹਿਮ ਪਾਲ ਲੈਂਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਹੋਰ ਕੁਝ ਵੀ ਵਾਪਰ ਸਕਦਾ ਹੈ ਪਰ ਉਹ ਕਦੇ ਬੁੱਢੇ ਨਹੀਂ ਹੋਣਗੇ। ਸ਼ਾਇਦ ਇਸੇ ਕਰਕੇ ਉਹ ਜਵਾਨੀ ਵਿਚ ਹਮੇਸ਼ਾ ਹੰਕਾਰ ਵਿਚ ਗੜੁੱਚ ਰਹਿੰਦੇ ਹਨ। ਬਹੁਤੇ ਆਪਣੀ ਸ਼ਕਲ, ਸਰੀਰ, ਸ਼ਾਨੋ-ਸ਼ੌਕਤ, ਜ਼ਮੀਨ-ਜਾਇਦਾਦ ਤੇ ਖ਼ੂਬਸੂਰਤੀ ਉੱਪਰ ਘੁਮੰਡ ਕਰਦੇ ਹਨ। ਹੋਰਨਾਂ ਨੂੰ ਤਾਂ ਟਿੱਚ ਸਮਝਦੇ ਹੀ ਹਨ, ਉਹ ਤਾਂ ਆਪਣੇ ਘਰ ਦੇ ਬਜ਼ੁਰਗਾਂ ਸਮੇਤ ਆਮ ਬਜ਼ੁਰਗਾਂ ਨੂੰ ਵੀ ਟਿੱਚ ਸਮਝਦੇ ਹਨ। ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹਨ। ਉਨ੍ਹਾਂ ਨੂੰ ਇੰਜ ਲੱਗਦਾ ਹੈ ਕਿ ਇਹ ਜੋ ਬਜ਼ੁਰਗ ਹੁੰਦੇ ਹਨ ਉਹ ਤਾਂ ਪੈਦਾਇਸ਼ੀ ਬਜ਼ੁਰਗ ਹੁੰਦੇ ਹਨ ਤੇ ਉਹ ਆਪ ਜਮਾਂਦਰੂ ਜਵਾਨ ਪੈਦਾ ਹੋਏ ਹਨ ਤੇ ਤਾਉਮਰ ਜਵਾਨ ਹੀ ਰਹਿਣਗੇ। ਉਹ ਇਹ ਭੁੱਲ ਜਾਂਦੇ ਹਨ ਕਿ ਸਮਾਂ ਨਾ ਤਾਂ ਕਿਸੇ ਦਾ ਸਕਾ ਹੋਇਆ ਹੈ ਅੱਜ ਤੱਕ ਤੇ ਨਾ ਹੀ ਕਿਸੇ ਦਾ ਗ਼ੁਲਾਮ। ਸਮਾਂ ਤਾਂ ਮਸਤੇ ਹਾਥੀ ਵਾਂਗ ਆਪਣੀ ਚਾਲੇ ਨਿਰੰਤਰ ਤੇ ਨਿਰਵਿਘਨ ਤੁਰਿਆ ਰਹਿੰਦਾ ਹੈ। ਇਸੇ ‘ਸਮੇਂ’ ਬਾਰੇ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਨੇ ਕੁਝ ਇੰਜ ਲਿਖਿਆ ਹੈ :

ਭਾਈ ਵੀਰ ਸਿੰਘ ਨੇ ਤਾਂ ਇਨਸਾਨ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਦਿਮਾਗ ਤੋਂ ਪੈਦਲ ਕੁਝ ਨੌਜਵਾਨ ਮੁੰਡੇ ਕਿੰਨਾ ਵੱਡਾ ਵਹਿਮ ਪਾਲ ਕੇ ਬੈਠੇ ਹਨ ਕਿ ਸਮੇਂ ਨੂੰ ਬੰਨ੍ਹਿਆ ਜਾ ਸਕਦਾ ਹੈ। ਥੰਮਿਆ ਜਾ ਸਕਦਾ ਹੈ। ਉਹ ਕਿੰਨੇ ਨਾਸਮਝ ਤੇ ਤਰਸ ਦੇ ਪਾਤਰ ਹਨ। ਉਹ ਨਹੀਂ ਜਾਣਦੇ ਕਿ ਜੋ ਜੰਮਿਆ ਹੈ, ਉਹ ਵਕਤ ਨਾਲ ਜਵਾਨ ਵੀ ਹੋਵੇਗਾ, ਵਕਤ ਦੇ ਨਾਲ ਹੀ ਬਜ਼ੁਰਗ ਤੇ ਵਕਤ ਦੇ ਨਾਲ ਹੀ ਫ਼ੌਤ ਵੀ ਹੋਵੇਗਾ। ਦੋਸਤੋ, ਅੱਜ ਦਾ ਯੁੱਗ ਡਿਜੀਟਲ ਯੁੱਗ ਹੈ। ਭਾਵ ਸੋਸ਼ਲ ਮੀਡੀਆ ਦਾ ਯੁੱਗ ਹੈ। ਇਸ ਦੇ ਚੱਲਦਿਆਂ ਦੁਨੀਆ ਭਾਵੇਂ ਨੇੜੇ ਹੋ ਗਈ ਹੈ ਇਕ ਗਲੋਬਲ ਪਿੰਡ ਦਾ ਰੂਪ ਧਾਰ ਚੁੱਕੀ ਹੈ ਪਰ ਉਸੇ ਪਿੰਡ ਦੇ ਇਕ ਘਰ ਵਿਚ ਰਹਿੰਦੇ ਸਾਰੇ ਜੀਅ ਇਕ-ਦੂਸਰੇ ਤੋਂ ਕਿਵੇਂ ਦੂਰ ਹੋ ਚੁੱਕੇ ਹਨ। ਉਨ੍ਹਾਂ ਦੇ ਰਿਸ਼ਤੇ-ਨਾਤਿਆਂ ਵਿਚ ਕਿੰਨੀਆ ਲੰਮੀਆਂ ਦੂਰੀਆਂ ਆ ਗਈਆਂ ਹਨ। ਡੂੰਘੀਆਂ ਖਾਈਆਂ ਪੈ ਗਈਆਂ ਹਨ। ਨਿਘਾਰ ਆ ਗਿਆ ਹੈ। ਸਾਰੇ ਆਪੋ-ਆਪਣੀ ਕੁਦਰਤ ਵੱਲੋਂ ਬਖਸ਼ੀ ਨਹੀਂ ਸਗੋਂ ਡਿਜੀਟਲ ਭਾਵ ਬਿਜਲਈ ਦੁਨੀਆ ਵਿਚ ਮਸਰੂਫ਼ ਹਨ। ਗੁਆਚੇ ਤੇ ਖੁੱਭੇ ਹੋਏ ਹਨ। ਕੋਈ ਕਿਸੇ ਦੀ ਪਰਵਾਹ ਨਹੀਂ ਕਰਦਾ ਤੇ ਨਾ ਹੀ ਕਿਸੇ ਹੋਰ ਦੀ ਛੋਹ ਤੇ ਸਾਥ ਦੀ ਜ਼ਰੂਰਤ ਮਹਿਸੂਸ ਕਰਦਾ ਹੈ। ਇਸ ਬਿਜਲਈ ਯੁੱਗ ਬਾਰੇ ਗੱਲਾਂ ਤੇ ਮੁੱਦੇ ਹੋਰ ਵੀ ਹਨ ਪਰ ਅੱਜ ਅਸੀਂ ਆਧੁਨਿਕ ਜਵਾਨ ਪੀੜ੍ਹੀ ਦੀ ਬਜ਼ੁਰਗਾਂ ਬਾਰੇ ਸੋਚ ਤੇ ਵਿਚਾਰ ਬਾਰੇ ਚਰਚਾ ਕਰਾਂਗੇ। ਮੈਂ ਕਈ ਵਾਰ ਦੇਖਿਆ ਹੈ ਕਿ ਜਦੋਂ ਕੁਝ ਬਜ਼ੁਰਗ ਲੋਕ ਸੋਸ਼ਲ ਮੀਡੀਆ ਉੱਪਰ ਆਪਣੀਆਂ ਪੋਸਟਾਂ ਪਾਉਂਦੇ ਹਨ ਤਾਂ ਉਨ੍ਹਾਂ ਪੋਸਟਾਂ ਬਾਰੇ ਜ਼ਿਆਦਾਤਰ ਜਵਾਨ ਮੁੰਡੇ ਅਸ਼ਲੀਲ, ਭੱਦੀਆਂ ਤੇ ਘਟੀਆ ਟਿੱਪਣੀਆਂ ਕਰਦੇ ਹਨ।



ਜੋ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਉਨ੍ਹਾਂ ਦੇ ਦਿਲ ਅੰਦਰ ਬਜ਼ੁਰਗਾਂ ਪ੍ਰਤੀ ਸਤਿਕਾਰ ਦੀ ਘਾਟ ਹੈ। ਉਦਾਹਰਨ ਦੇ ਤੌਰ ‘ਤੇ ਪਿੱਛੇ ਜਿਹੇ ਇਕ 60-65 ਸਾਲ ਦੀ ਔਰਤ ਨੇ ਬਣ-ਠਣ ਕੇ ਇਕ ਫਿਲਮੀ ਗਾਣੇ ਉੱਪਰ ਆਪਣੇ ਨੱਚਣ ਦੀ ਵੀਡੀਓ ਪਾਈ। ਉਹ ਆਪਣੇ ਮਨ ਦੀਆਂ ਰੀਝਾਂ ਪੂਰੀਆਂ ਕਰ ਰਹੀ ਸੀ। ਬਸ ਫਿਰ ਕੀ ਸੀ, ਕੁਝ ਨੌਜਵਾਨ ਮੁੰਡਿਆਂ ਦੀਆਂ ਭੱਦੀਆਂ ਟਿੱਪਣੀਆਂ ਦਾ ਹੜ੍ਹ ਆ ਗਿਆ। ਕੁਝ ਨੂੰ ਪੜ੍ਹ ਕੇ ਮੇਰਾ ਮਨ ਉਦਾਸ ਤਾਂ ਹੋਇਆ ਹੀ ਪਰ ਉਸ ਬਜ਼ੁਰਗ ਔਰਤ ਦੇ ਮਨ ‘ਤੇ ਕੀ ਗੁਜ਼ਰੀ ਹੋਵੇਗੀ, ਇਹ ਤਾਂ ਉਹੀ ਜਾਣਦੀ ਹੈ। ਕੁਝ ਟਿੱਪਣੀਆਂ ਦੇ ਨਮੂਨੇ ਦੇਖੋ : ‘ਬੁੱਢੀ ਘੋੜੀ ਤੇ ਲਾਲ ਲਗਾਮ’, ‘ਕਬਰ ਵਿਚ ਲੱਤਾਂ ਨੇ ਤੇ ਮਾਈ ਨੱਚਦੀ-ਟੱਪਦੀ ਪਈ ਹੈ’, ‘ਮਾਈ ਤੈਨੂੰ ਸ਼ਰਮ ਆਉਣੀ ਚਾਹੀਦੀ ਹੈ। ਇਹ ਉਮਰ ਤਾਂ ਰੱਬ ਦੇ ਨਾਮ ਦੀ ਮਾਲਾ ਜਪਣ ਦੀ ਹੈ ਤੇ ਤੂੰ ਠੁਮਕੇ ਲਗਾ ਰਹੀ ਏਂ’, ‘ਤੂੰ ਹੁਣ ਰੱਬ ਕੋਲ ਜਾਣ ਦੀਆਂ ਤਿਆਰੀਆਂ ਕਰ। ਇਹ ਨਾਚ-ਗਾਣਾ ਛੱਡ ਦੇ। ਤੇਰੇ ਭਾਗਾਂ ਵਿਚ ਨਹੀਂ ਹੈ।’ ਤੇ ਹੋਰ ਕੁਝ ਐਸੀਆਂ ਟਿੱਪਣੀਆਂ ਤੇ ਤਸਵੀਰਾਂ ਮੈਂ ਤੁਹਾਡੇ ਨਾਲ ਸਾਂਝੀਆਂ ਵੀ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪਿੱਛੇ ਜਿਹੇ ਕੁਝ ਖ਼ਬਰਾਂ ਵੀ ਪੜ੍ਹਨ ਤੇ ਦੇਖਣ ਨੂੰ ਮਿਲੀਆਂ ਸਨ। ਇਕ ਮਾਮਲੇ ਵਿਚ ਤਾਂ ਜਵਾਨ ਵਕੀਲ ਪੁੱਤਰ, ਉਸ ਦੀ ਪਤਨੀ ਤੇ ਪੁੱਤਰ ਆਪਣੀ ਬਜ਼ੁਰਗ ਮਾਂ ਨਾਲ ਮਾਰਕੁੱਟ ਕਰਦੇ ਵਿਖਾਈ ਦਿੰਦੇ ਹਨ।

ਜਦੋਂ ਮਾਂ ਦੀ ਵਿਆਹੀ ਹੋਈ ਧੀ ਨੂੰ ਇਹ ਪਤਾ ਚੱਲਿਆ ਕਿ ਉਸ ਦਾ ਭਰਾ ਮਾਂ ਨਾਲ ਜ਼ਿਆਦਤੀਆਂ ਕਰ ਰਿਹਾ ਹੈ ਤਾਂ ਉਸ ਨੇ ਸਬੂਤ ਲਈ ਘਰ ਵਿਚ ਛੁਪਵੇਂ ਸੀਸੀਟੀਵੀ ਕੈਮਰੇ ਨਾਲ ਭਰਾ ਤੇ ਉਸ ਦੇ ਪਰਿਵਾਰ ਵੱਲੋਂ ਮਾਂ ਨੂੰ ਮਾਰਨ-ਕੁੱਟਣ ਦਾ ਵੀਡੀਓ ਬਣਾ ਲਿਆ। ਮਗਰੋਂ ਹਿੰਮਤ ਕਰ ਕੇ ਪੁਲਿਸ ਕੋਲ ਆਪਣੇ ਭਰਾ, ਭਰਜਾਈ ਤੇ ਭਤੀਜੇ ਬਾਰੇ ਸ਼ਿਕਾਇਤ ਲਿਖਵਾ ਦਿੱਤੀ ਤੇ ਮਾਮਲਾ ਜੱਗ ਜ਼ਾਹਰ ਹੋ ਗਿਆ। ਇਸ ਮੰਦਭਾਗੇ ਕਾਰੇ ਦਾ ਕਾਰਨ ਸੀ ਕਿ ਮਾਂ ਜਿੰਨੀ ਛੇਤੀ ਮਰੇਗੀ ਓਨੀ ਛੇਤੀ ਹੀ ਉਸ ਦੇ ਨਾਂ ਲੱਗੀ ਸਾਰੀ ਜ਼ਮੀਨ-ਜਾਇਦਾਦ ਉਨ੍ਹਾਂ ਦੀ ਹੋ ਜਾਵੇਗੀ। ਹੋਰ ਵੀ ਬਹੁਤ ਸਾਰੇ ਮਾਮਲੇ ਉਜਾਗਰ ਹੁੰਦੇ ਹਨ। ਕਈ ਘਰਾਂ ਵਿਚ ਪਾਲਤੂ ਜਾਨਵਰਾਂ ਜਿਵੇਂ ਕੁੱਤੇ, ਬਿੱਲੀਆਂ ਆਦਿ ਦੀ ਕਦਰ ਘਰ ਦੇ ਬਜ਼ੁਰਗਾਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ ਪਰ ਘਰ ਦੇ ਬਜ਼ੁਰਗਾਂ ਨੂੰ ਫਾਲਤੂ ਸਮਝਿਆ ਜਾਂਦਾ ਹੈ। ਉਨ੍ਹਾਂ ਨੂੰ ਅਨਾਥ ਆਸ਼ਰਮਾਂ ਵਿਚ ਭੇਜ ਦਿੱਤਾ ਜਾਂਦਾ ਹੈ। ਇਸੇ ਕਰਕੇ ਸ਼ਾਇਦ ਅਨਾਥ ਆਸ਼ਰਮਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਕਈ ਲੋਕ ਅਨਾਥ ਆਸ਼ਰਮਾਂ ਨੂੰ ਧੰਦੇ ਦੇ ਰੂਪ ‘ਚ ਵੀ ਚਲਾ ਰਹੇ ਹਨ। ਸੋ, ਮੇਰੇ ਨੌਜਵਾਨ ਸਾਥੀਓ, ਤੁਹਾਡਾ ਭਾਈ ਵੀਰ ਸਿੰਘ ਦੇ ਸਮੇਂ ਬਾਰੇ ਲਿਖੇ ਬੋਲਾਂ ਉੱਤੇ ਗ਼ੌਰ ਤੇ ਅਮਲ ਕਰਨ ਦਾ ਵੇਲਾ ਹੈ। ਬਜ਼ੁਰਗਾਂ ਦੀ ਇੱਜ਼ਤ, ਸੇਵਾ ਤੇ ਸਤਿਕਾਰ ਕਰਨਾ ਸਿੱਖੋ ਕਿਉਂਕਿ ਇਕ ਦਿਨ ਤੁਸੀਂ ਵੀ ਬਜ਼ੁਰਗ ਹੋਣਾ ਹੈ। ਫਿਰ ਨਾ ਕਹਿਣਾ ਕਿ ਸਾਨੂੰ ਕਿਸੇ ਨੇ ਸਮਝਾਇਆ ਨਹੀਂ।

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਵੀਰਵਾਰ 25 ਅਪ੍ਰੈਲ 2024

EDUCATING LIT RATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

R.N.I.Punpun/29016/2008 * ਸਾਲ 15 * ਅੰਕ : 331 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਪੰਜਾਬ ਵਿੱਚ ਲੋਕ ਸਭਾ ਚੋਣਾਂ ਜੇਲ੍ਹ ਵਿਚੋਂ ਹੀ ਲੜੇਗਾ ਅੰਮ੍ਰਿਤਪਾਲ ਸਿੰਘ



ਤਰਨਤਾਰਨ, ਰਵੀ ਕਰਨ--ਖ਼ਾਲਿਸਤਾਨ ਪੱਖੀ ਅਤੇ ਵਾਰਿਸ ਪੰਜਾਬ ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਵਿੱਚ ਆਜ਼ਾਦ ਤੌਰ 'ਤੇ ਲੋਕ ਸਭਾ ਚੋਣਾਂ ਲੜਨ 'ਤੇ ਸਹਿਮਤੀ ਪ੍ਰਗਟਾਈ ਹੈ। ਇਹ ਦਾਅਵਾ ਅੰਮ੍ਰਿਤਪਾਲ ਦੇ ਵਕੀਲ ਅਤੇ ਸਾਬਕਾ ਸੰਸਦ ਮੈਂਬਰ ਰਾਜਦੇਵ ਸਿੰਘ ਖ਼ਾਲਸਾ ਨੇ ਕੀਤਾ ਹੈ। ਸਾਬਕਾ ਸੰਸਦ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਦੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਹੋਈ ਹੈ ਅਤੇ ਉਨ੍ਹਾਂ ਨੇ ਖਡੂਰ ਸਾਹਿਬ ਤੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ ਤੇ ਇਸ ਖਬਰ ਨਾਲ ਪੂਰੇ ਪੰਜਾਬ ਵਿੱਚ ਖਲਬਲੀ ਮੱਚ ਗਈ ਹੈ

## ਚੋਣ ਕਮਿਸ਼ਨ ਤੋਂ ਈਵੀਐਮ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸਪਸ਼ਟੀਕਰਨ ਮੰਗਿਆ

ਨਵੀਂ ਦਿੱਲੀ,- ਸੁਪਰੀਮ ਕੋਰਟ ਨੇ ਅੱਜ ਚੋਣ ਕਮਿਸ਼ਨ ਤੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈਵੀਐੱਮ) ਦੇ ਕੰਮਕਾਜ ਸਬੰਧੀ ਕੁਝ ਪਹਿਲੂਆਂ 'ਤੇ ਸਪੱਸ਼ਟੀਕਰਨ ਮੰਗਿਆ ਅਤੇ ਚੋਣ ਕਮਿਸ਼ਨ ਦੇ ਉੱਚ ਅਧਿਕਾਰੀ ਨੂੰ ਬਾਅਦ ਦੁਪਹਿਰ 2 ਵਜੇ ਤਲਬ ਕੀਤਾ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ ਕਿ ਇਸ ਨੂੰ ਕੁਝ ਪਹਿਲੂਆਂ 'ਤੇ ਸਪੱਸ਼ਟੀਕਰਨ ਦੀ ਲੋੜ ਹੈ ਕਿਉਂਕਿ ਚੋਣ ਕਮਿਸ਼ਨ ਵੱਲੋਂ ਈਵੀਐੱਮ 'ਤੇ ਅਕਸਰ ਪੁੱਛੇ ਜਾਣ ਵਾਲੇ ਸਵਾਲ ਬਾਰੇ ਦਿੱਤੇ ਗਏ ਜਵਾਬਾਂ ਵਿੱਚ ਕੁਝ ਭੰਬਲਭੂਸਾ ਹੈ।





## ਕਈ ਮਹੀਨਿਆਂ ਬਾਅਦ ਲੇਹ-ਮਨਾਲੀ ਕੌਮੀ ਮਾਰਗ ਖੁਲੇਆ

ਲੇਹ, - ਸਰਦੀਆਂ ਦੌਰਾਨ ਭਾਰੀ ਬਰਫ਼ਬਾਰੀ ਕਾਰਨ ਕਰੀਬ ਪੰਜ ਮਹੀਨਿਆਂ ਤੱਕ ਬੰਦ ਰਹਿਣ ਤੋਂ ਬਾਅਦ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ ਨੇ 428 ਕਿਲੋਮੀਟਰ ਲੰਬੇ ਲੇਹ-ਮਨਾਲੀ ਰਾਸ਼ਟਰੀ ਰਾਜਮਾਰਗ ਨੂੰ ਮੁੜ ਵਾਹਨਾਂ ਦੀ ਆਵਾਜਾਈ ਲਈ ਖੋਲ੍ਹ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੇ ਜ਼ਰੀਏ ਕੇਂਦਰੀ ਸ਼ਾਸਤ ਪ੍ਰਦੇਸ਼ ਲੱਦਾਖ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲਾ ਮਾਰਗ ਨਵੰਬਰ ਵਿੱਚ ਸਰਦੀਆਂ ਦੀ ਸ਼ੁਰੂਆਤ ਅਤੇ ਬਰਫ ਜਮ੍ਹਾਂ ਹੋਣ ਦੇ ਨਾਲ ਬੰਦ ਕਰ ਦਿੱਤਾ ਗਿਆ ਸੀ।

## ਕੋਟਕ ਮਹਿੰਦਰਾ ਬੈਕ ਦੀਆਂ ਕੁਝ ਸੇਵਾਵਾਂ ਤੇ ਆਰਬੀਆਈ ਨੇ ਲਾਈ ਪਾਬੰਦੀ

ਮੁੰਬਈ, - ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਕੋਟਕ ਮਹਿੰਦਰਾ ਬੈਂਕ ਨੂੰ ਆਨਲਾਈਨ ਅਤੇ ਮੋਬਾਈਲ ਬੈਂਕਿੰਗ ਰਾਹੀਂ ਨਵੇਂ ਗਾਹਕਾਂ ਨੂੰ ਜੋੜਨ ਅਤੇ ਕ੍ਰੈਡਿਟ ਕਾਰਡ ਜਾਰੀ ਕਰਨ 'ਤੇ ਤੁਰੰਤ ਪਾਬੰਦੀ ਲਗਾ ਦਿੱਤੀ ਹੈ। ਆਰਬੀਆਈ ਨੇ ਬਿਆਨ ਵਿੱਚ ਕਿਹਾ ਕਿ ਕੋਟਕ ਬੈਂਕ ਦੇ ਆਈਟੀ ਜੋਖ਼ਮ ਪ੍ਰਬੰਧਨ ਅਤੇ ਸੂਚਨਾ ਸੁਰੱਖਿਆ ਕਾਰਜਾਂ ਵਿੱਚ ਕਮੀ ਕਾਰਨ ਇਹ ਕਾਰਵਾਈ ਕੀਤੀ ਗਈ ਹੈ।

## ਸੋਨੇ ਦੇ ਭਾਅ ਵਿੱਚ ਆਈ ਥੋੜੀ ਕਮੀਂ

ਚੰਡੀਗੜ੍ਹ, ਵਿਨੋਦ ਸ਼ਰਮਾ ਦੇਸ਼ ਵਿਚ ਦਸ ਦਿਨਾਂ ਦੋਰਾਨ ਸੋਨੇ ਦੀਆਂ ਕੀਮਤਾਂ ਵਿੱਚ 2,900 ਰੁਪਏ ਦੀ ਗਿਰਾਵਟ ਆਈ ਹੈ। ਮੌਜੂਦਾ ਕੀਮਤ 71,065 ਰੁਪਏ ਪ੍ਰਤੀ 10 ਗ੍ਰਾਮ ਹੈ, ਜੋ ਕਿ 73,958 ਰੁਪਏ ਦੇ ਰਿਕਾਰਡ ਉੱਚ ਪੱਧਰ ਤੋਂ ਹੇਠਾਂ ਹੈ। ਇਹ ਗਿਰਾਵਟ ਇਸ ਲਈ ਆਈ ਹੈ ਕਿਉਂਕਿ ਨਿਵੇਸ਼ਕ ਮੱਧ ਪੂਰਬ ਵਿੱਚ ਭੂ-ਰਾਜਨੀਤਿਕ ਤਣਾਅ ਬਾਰੇ ਘੱਟ ਚਿੰਤਤ ਹੋ ਗਏ ਹਨ।

## ਪੰਜਾਬ ਦੀਆਂ ਸਰਕਾਰੀ ਬੱਸਾਂ ਹੁਣ ਚੰਡੀਗੜ੍ਹ ਨਹੀਂ ਜਾਣਗੀਆਂ ਯਾਤਰੀ ਪ੍ਰੇਸ਼ਾਨ

**ਚੰਡੀਗੜ੍ਹ, ਵਿਨੋਦ ਸ਼ਰਮਾ-** ਪੰਜਾਬ ਦੀਆਂ ਸਰਕਾਰੀ ਬੱਸਾਂ ਦੀ ਐਂਟਰੀ ਚੰਡੀਗੜ੍ਹ ਬੱਸ ਅੱਡੇ 'ਚ ਬੰਦ ਕੀਤੀ ਗਈ ਹੈ ਜਿਸ ਕਾਰਨ ਲੋਕਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਘੰਟਿਆਂ ਤੋਂ ਲੋਕ 43 ਬੱਸ ਸਟੈਂਡ ਵਿਖੇ ਬੱਸਾਂ ਦਾ ਇੰਤਜ਼ਾਰ ਕਰ ਰਹੇ ਹਨ ਪਰ ਹਾਲੇ ਤਕ ਕੋਈ ਬੱਸ ਨਹੀਂ ਆਈ ਹੈ। ਦਰਅਸਲ ਬੱਸਾਂ ਦੀ ਮਹਿੰਗੀ ਬੱਸ ਅੱਡਾ ਫੀਸ ਕਰਕੇ ਪੰਜਾਬ ਦੀਆਂ ਬੱਸਾਂ ਦੀ ਐਂਟਰੀ ਬੰਦ ਕੀਤੀ ਗਈ ਹੈ। ਪੀਆਰਟੀਸੀ ਮੁਲਾਜ਼ਮ ਜਥੇਬੰਦੀਆਂ ਨੇ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (CTU) ਵੱਲੋਂ ਪੰਜਾਬ ਦੀਆਂ ਬੱਸਾਂ ਨੂੰ ਚੰਡੀਗੜ੍ਹ ਜਾਣ ਤੋਂ ਰੋਕਣ ਤੇ ਵਧੀਆਂ ਫੀਸਾਂ ਦੇ ਵਿਰੋਧ 'ਚ ਅੱਜ ਤੋਂ ਚੰਡੀਗੜ੍ਹ 'ਚ ਪੰਜਾਬ ਰੋਡਵੇਜ਼ ਦੀ ਕੋਈ ਵੀ ਬੱਸ ਨਹੀਂ ਚਲਾਈ ਜਾਵੇਗੀ। ਸੀਟੀਯੂ ਵੱਲੋਂ ਬਣਾਏ ਜਾ ਰਹੇ ਰੂਟਾਂ ਨੂੰ ਲੈ ਕੇ ਪੰਜਾਬ ਦੀਆਂ ਪੀਆਰਟੀਸੀ/ਪਨ ਬਸ/ਪੰਜਾਬ ਰੋਡਵੇਜ਼ ਮੁਲਾਜ਼ਮ ਜਥੇਬੰਦੀਆਂ ਵੱਲੋਂ ਇਸ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ।

## ਦਿੱਲੀ ਵਿੱਚ ਤਾਮਿਲਨਾਡੂ ਦੇ ਕਿਸਾਨ ਚੜ੍ਹੇ ਟਾਵਰ ਤੇ ਕੀਤਾ ਪ੍ਰਦਰਸ਼ਨ



ਨਵੀਂ ਦਿੱਲੀ, - ਤਾਮਿਲਨਾਡੂ ਦੇ ਕੁਝ ਕਿਸਾਨਾਂ, ਜਿਨ੍ਹਾਂ ਵਿੱਚ ਔਰਤ ਵੀ ਸ਼ਾਮਲ ਹੈ, ਨੇ ਅੱਜ ਇਥੇ ਮੋਬਾਈਲ ਟਾਵਰ ਉੱਤੇ ਚੜ੍ਹਨ ਦੀ ਕੋਸ਼ਿਸ਼ ਕੀਤੀ, ਇਹ ਕਿਸਾਨ ਆਪਣੀਆਂ ਫਸਲਾਂ ਦੇ ਬਿਹਤਰ ਭਾਅ ਅਤੇ ਨਦੀ ਨੂੰ ਜੋੜਨ ਦੇ ਮੁੱਦੇ 'ਤੇ ਦਿੱਲੀ ਦੇ ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਕਰ ਰਹੇ ਹਨ। ਪੁਲੀਸ ਨੇ ਦੱਸਿਆ ਕਿ ਤਾਮਿਲਨਾਡੂ ਦੇ ਬਹੁਤ ਸਾਰੇ ਕਿਸਾਨ ਜੰਤਰ-ਮੰਤਰ 'ਤੇ ਇਕੱਠੇ ਹੋਏ, ਜਿਨ੍ਹਾਂ ਵਿੱਚੋਂ ਕੁਝ ਨੇ ਨੇੜਲੇ ਦਰੱਖਤਾਂ ਅਤੇ ਮੋਬਾਈਲ ਟਾਵਰ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ। ਪੁਲੀਸ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਵਿੱਚੋਂ ਇੱਕ ਨੂੰ ਮੋਬਾਈਲ ਟਾਵਰ ਤੋਂ ਉਤਾਰਨ ਲਈ ਫਾਇਰ ਬ੍ਰਿਗੇਡ ਕਰੇਨ ਦੀ ਵਰਤੋਂ ਕੀਤੀ।

## ਰਾਜਾਂ ਵਿੱਚ ਅੱਜ ਤੋਂ ਤੇਜ਼ ਹਨੇਰੀ ਮੀਂਹ ਦੀ ਚੇਤਾਵਨੀ



ਜਲੰਧਰ, ਹਰਬੰਸ ਬਿੱਟੂ : ਪੰਜਾਬ 'ਚ ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਸ਼ੁੱਕਰਵਾਰ ਤੋਂ ਮੌਸਮ ਫਿਰ ਬਦਲੇਗਾ। ਸ਼ੁੱਕਰਵਾਰ ਤੇ ਸ਼ਨਿਚਰਵਾਰ ਨੂੰ ਕਈ ਜ਼ਿਲ੍ਹਿਆਂ 'ਚ ਹਨੇਰੀ, ਬਾਰਿਸ਼ ਤੇ ਗੜੇਮਾਰੀ ਹੋ ਸਕਦੀ ਹੈ। ਮੌਸਮ ਵਿਭਾਗ ਨੇ ਇਸ ਬਾਰੇ ਆਰੇਂਜ ਅਲਰਟ ਵੀ ਜਾਰੀ ਕਰ ਦਿੱਤਾ ਹੈ। ਬੁੱਧਵਾਰ ਨੂੰ ਵੀ ਕਈ ਜ਼ਿਲ੍ਹਿਆਂ 'ਚ ਹਲਕੀ ਬਾਰਿਸ਼ ਹੋਈ। ਮੌਸਮ ਵਿਭਾਗ ਮੁਤਾਬਕ ਪਠਾਨਕੋਟ 'ਚ 6.0, ਬਰਨਾਲਾ 'ਚ 4.5, ਪਟਿਆਲਾ 'ਚ 0.4 ਤੇ ਅੰਮ੍ਰਿਤਸਰ 'ਚ 1.5 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ। ਹੁਸ਼ਿਆਰਪੁਰ, ਗੁਰਦਾਸਪੁਰ ਤੇ ਚੰਡੀਗੜ੍ਹ 'ਚ ਬੂੰਦਾਬਾਂਦੀ ਹੋਈ। ਵੀਰਵਾਰ ਨੂੰ ਮੌਸਮ ਸਾਫ਼ ਰਹਿਣ ਦੀ ਸੰਭਾਵਨਾ ਹੈ।

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# 10ਵੀਂ 'ਚੋਂ ਫੇਲ੍ਹ ਹੋਇਆ ਵਿਦਿਆਰਥੀ, ਕੀਤੀ ਖ਼ੁਦਕੁਸ਼ੀ

ਨਵੀਂ ਦਿੱਲੀ- ਜਦੋਂ ਉਹ 10ਵੀਂ ਵਿੱਚ ਫੇਲ ਹੋ ਗਿਆ ਤਾਂ ਉਸ ਨੇ ਰੇਲਗੱਡੀ ਅੱਗੇ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਉਸਦੀ ਲਾਸ਼ ਰੇਲਵੇ ਟ੍ਰੈਕ ਨੇੜੇ ਬੁਰੀ ਹਾਲਤ ਵਿਚ ਮਿਲੀ। ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਮਾਮਲਾ ਉੱਤਰ ਪ੍ਰਦੇਸ਼ ਦੇ ਹਮੀਰਪੁਰ ਸ਼ਹਿਰ ਦੇ ਸੁਮੇਰਪੁਰ ਥਾਣਾ ਖੇਤਰ ਦੇ ਅਧੀਨ ਆਉਂਦਾ ਹੈ। ਵਿਦਿਆਰਥੀ ਦੀ ਲਾਸ਼ ਸੁਮੇਰਪੁਰ ਰੇਲਵੇ ਸਟੇਸ਼ਨ ਤੋਂ 2 ਕਿਲੋਮੀਟਰ ਦੂਰ ਮਿਲੀ।

ਮ੍ਰਿਤਕ ਦੀ ਪਛਾਣ ਬਾਂਦਾ ਜ਼ਿਲ੍ਹੇ ਦੇ ਜਸਪੁਰਾ ਥਾਣਾ ਕਸਬੇ ਦੇ ਰਹਿਣ ਵਾਲੇ 16 ਸਾਲਾ ਸ਼ਿਵਜੀ ਵਜੋਂ ਹੋਈ ਹੈ, ਜੋ ਨਤੀਜਾ ਐਲਾਨੇ ਜਾਣ ਤੋਂ ਬਾਅਦ ਤੋਂ ਲਾਪਤਾ ਸੀ। ਅੱਜ ਦੁਪਹਿਰ ਜਦੋਂ ਲੋਕਾਂ ਨੇ ਰੇਲਵੇ ਟ੍ਰੈਕ 'ਤੇ ਸ਼ਿਵਜੀ ਦੀ ਲਾਸ਼ ਦੇਖੀ ਤਾਂ ਉਨ੍ਹਾਂ ਪੁਲਸ ਨੂੰ ਫੋਨ ਕੀਤਾ।

ਪੁਲੀਸ ਨੇ ਲਾਸ਼ ਦੀ ਪਛਾਣ ਕਰ ਕੇ ਕਬਜ਼ੇ ਵਿੱਚ ਲੈ ਲਈ ਹੈ। ਉਸ ਦੇ ਪਰਿਵਾਰਕ ਮੈਂਬਰਾਂ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ ਸੀ, ਜਿਸ ਦੇ ਆਧਾਰ 'ਤੇ ਮ੍ਰਿਤਕ ਦੀ ਪਛਾਣ ਹੋ ਗਈ ਸੀ। ਪੁਲੀਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਸ਼ਿਵਜੀ ਪਿੰਡ ਦੇ ਮਧੂਸੂਦਨ ਦਾਸ ਇੰਟਰ ਸਕੂਲ ਵਿੱਚ ਪੜ੍ਹਦਾ ਸੀ। ਉਸਦਾ 10ਵੀਂ ਦਾ ਨਤੀਜਾ ਕੱਲ੍ਹ ਆਇਆ ਸੀ। ਨਤੀਜਾ ਦੇਖ ਕੇ ਜਦੋਂ ਉਹ ਘਰ ਆਇਆ ਤਾਂ ਉਸ ਦੇ ਪਿਤਾ ਨੇ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ। ਉਸਨੇ ਦੱਸਿਆ ਕਿ ਉਹ ਫੇਲ ਹੋ ਗਿਆ ਸੀ।

ਪਿਤਾ ਮੁਤਾਬਕ ਉਹ ਤਣਾਅ ਮਹਿਸੂਸ ਕਰ ਰਿਹਾ ਸੀ। ਉਸਨੂੰ ਬਹੁਤ ਸਮਝਾਇਆ। ਇਸ ਤੋਂ ਬਾਅਦ ਸ਼ਾਮ ਕਰੀਬ 5 ਵਜੇ ਉਹ ਘਰੋਂ ਨਿਕਲ ਗਿਆ।

ਉਨ੍ਹਾਂ ਨੇ ਸੋਚਿਆ ਕਿ ਸ਼ਾਇਦ ਉਹ ਦੋਸਤਾਂ ਕੋਲ ਜਾ ਰਿਹਾ ਹੈ, ਪਰ ਉਹ ਵਾਪਸ ਨਹੀਂ ਆਇਆ। ਰਾਤ ਭਰ ਭਾਲ ਕਰਨ ਤੋਂ ਬਾਅਦ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ।

ਸਵੇਰੇ ਸਟੇਸ਼ਨ ਮਾਸਟਰ ਦਾ ਫੋਨ ਆਇਆ ਕਿ ਉਸ ਦੇ ਮੁਲਾਜ਼ਮ ਕੱਲ੍ਹ



ਨੇ ਟਰੈਕ ਦਾ ਮੁਆਇਨਾ ਕਰਦਿਆਂ ਬੱਚੇ ਦੀ ਲਾਸ਼ ਦੇਖੀ ਹੈ। ਜਦੋਂ ਪੁਲਸ ਮੌਕੇ 'ਤੇ ਪਹੁੰਚੀ ਤਾਂ ਦੇਖਿਆ ਕਿ ਯਮੁਨਾ ਦੇ ਦੱਖਣੀ ਕੰਢੇ 'ਤੇ ਲਾਸ਼ ਪਈ ਸੀ ਅਤੇ ਇਹ ਸ਼ਿਵਾਜੀ ਦੀ ਸੀ।

ਮੀਡੀਆ ਰਿਪੋਰਟਾਂ ਮੁਤਾਬਕ ਮ੍ਰਿਤਕ ਸ਼ਿਵਜੀ ਦਾ ਇਕ ਹੋਰ ਭਰਾ ਅਤੇ ਦੋ ਭੈਣਾਂ ਹਨ। ਪਿਤਾ ਸ਼ਿਵਜੀ ਦੀ ਖ਼ੁਦਕੁਸ਼ੀ ਤੋਂ ਡੂੰਘੇ ਸਦਮੇ 'ਚ ਹਨ। ਉਸਦੀ ਮਾਂ ਰੇਖਾ ਦੀ 3 ਸਾਲ ਪਹਿਲਾਂ ਮੌਤ ਹੋ ਗਈ ਸੀ। ਚਾਰਾਂ ਬੱਚਿਆਂ ਨੂੰ ਪਿਤਾ ਇਕੱਲਾ ਹੀ ਪੜ੍ਹਾ ਰਿਹਾ ਸੀ।

ਸ਼ਿਵਜੀ ਛੋਟੇ ਹੋਣ ਕਾਰਨ ਸਾਰਿਆਂ ਦੇ ਚਹੇਤੇ ਸਨ, ਪਰ ਉਨ੍ਹਾਂ ਦੇ ਕਦਮ ਨੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੁਲਸ ਨੇ ਖ਼ੁਦਕੁਸ਼ੀ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਕਾਂਗਰਸ ਨੇ ਫਿਲੌਰ ਤੋਂ ਵਿਧਾਇਕ ਬਿਕਰਮਜੀਤ ਚੌਧਰੀ ਨੂੰ ਕੀਤਾ ਸਸਪੈਂਡ



ਜਲੰਧਰ- ਪੰਜਾਬ ਕਾਂਗਰਸ 'ਚ ਛਿੜਿਆ ਕਾਟੋ-ਕਲੇਸ਼ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਅਜਿਹੇ 'ਚ ਇਕ ਹੋਰ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਕਾਂਗਰਸ ਨੇ ਫਿਲੌਰ ਤੋਂ ਮੌਜੂਦਾ ਵਿਧਾਇਕ ਬਿਕਰਮਜੀਤ ਸਿੰਘ ਚੌਧਰੀ ਨੂੰ ਪਾਰਟੀ 'ਚੋਂ ਸਸਪੈਂਡ ਕਰ ਦਿੱਤਾ ਹੈ।

ਪੰਜਾਬ ਇੰਚਾਰਜ ਦੇਵੇਂਦਰ ਯਾਦਵ ਨੇ ਇਕ ਚਿੱਠੀ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਲਿਖਿਆ ਕਿ ਚੌਧਰੀ ਖ਼ਿਲਾਫ਼ ਇਹ ਕਾਰਵਾਈ ਉਨ੍ਹਾਂ ਵੱਲੋਂ ਵਾਰ-ਵਾਰ ਪਾਰਟੀ ਦੇ ਖ਼ਿਲਾਫ਼ ਸ਼ਬਦਾਵਲੀ ਵਰਤਣ ਕਾਰਨ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਹ ਵੀ ਲਿਖਿਆ ਕਿ ਬਿਕਰਮਜੀਤ ਚੌਧਰੀ ਨੂੰ ਕਈ ਵਾਰ ਅਜਿਹਾ ਕਰਨ ਤੋਂ ਰੋਕਿਆ ਗਿਆ ਹੈ, ਪਰ ਉਹ ਅਜਿਹਾ ਕਰਨ ਤੋਂ ਬਾਜ਼ ਨਹੀਂ ਆ ਰਹੇ।

ਇਸ ਕਾਰਨ ਪਾਰਟੀ ਦਾ ਅਕਸ ਖ਼ਰਾਬ ਹੋ ਰਿਹਾ ਹੈ ਤੇ ਮਜਬੂਰ ਹੋ ਕੇ ਪਾਰਟੀ ਨੂੰ ਉਨ੍ਹਾਂ ਖ਼ਿਲਾਫ਼ ਇਹ ਸਖ਼ਤ ਐਕਸ਼ਨ ਲੈਣਾ ਪੈ ਰਿਹਾ ਹੈ। ਪਾਰਟੀ ਨੇ ਇਸ ਪਾਰਟੀ ਵਿਰੋਧੀ ਰਵੱਈਏ ਕਾਰਨ ਉਨ੍ਹਾਂ ਨੂੰ ਪਾਰਟੀ ਦੇ ਸਭ ਅਹੁਦਿਆਂ ਤੋਂ ਅਗਲੇ ਹੁਕਮਾਂ ਤੱਕ ਮੁਅੱਤਲ ਕਰਨ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਜਦੋਂ ਤੋਂ ਪਾਰਟੀ ਵੱਲੋਂ ਚਰਨਜੀਤ ਚੰਨੀ ਨੂੰ ਜਲੰਧਰ ਤੋਂ ਉਮੀਦਵਾਰ ਐਲਾਨਣ ਦੀਆਂ ਚਰਚਾਵਾਂ ਸ਼ੁਰੂ ਹੋਈਆਂ ਸਨ, ਉਦੋਂ ਤੋਂ ਹੀ ਬਿਕਰਮਜੀਤ ਚੌਧਰੀ ਚੰਨੀ ਦੀ ਖ਼ਿਲਾਫ਼ਤ ਕਰਦੇ ਰਹੇ ਹਨ। ਉਹ ਚਾਹੁੰਦੇ ਸਨ ਕਿ ਪਾਰਟੀ ਚੌਧਰੀ ਪਰਿਵਾਰ ਤੋਂ ਕਿਸੇ ਨੂੰ ਜਲੰਧਰ ਤੋਂ ਉਮੀਦਵਾਰ ਐਲਾਨੇ।

ਇਸੇ ਦੌਰਾਨ ਬੀਤੇ ਦਿਨੀਂ ਬਿਕਰਮਜੀਤ ਚੌਧਰੀ ਦੇ ਮਾਤਾ ਅਤੇ ਮਰਹੂਮ ਸੰਤੋਖ ਸਿੰਘ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਨੇ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ। ਅਜਿਹੇ 'ਚ ਇਹ ਚਰਚਾਵਾਂ ਵੀ ਤੇਜ਼ ਹੋ ਗਈਆਂ ਹਨ ਕਿ ਬਿਕਰਮਜੀਤ ਚੌਧਰੀ ਵੀ ਆਉਣ ਵਾਲੇ ਦਿਨਾਂ 'ਚ ਕਾਂਗਰਸ ਦਾ ਹੱਥ ਛੱਡ ਸਕਦੇ ਹਨ।

# ਮੰਚ 'ਤੇ ਭਾਸ਼ਣ ਦਿੰਦੇ ਸਮੇਂ ਬੇਹੋਸ਼ ਹੋ ਕੇ ਡਿੱਗੇ ਕੇਂਦਰੀ ਮੰਤਰੀ ਨਿਤਿਨ ਗਡਕਰੀ




ਮੁੰਬਈ- ਮਹਾਰਾਸ਼ਟਰ ਦੇ ਯਵਤਮਾਲ 'ਚ ਕੇਂਦਰੀ ਮੰਤਰੀ ਨਿਤਿਨ ਗਡਕਰੀ ਭਾਸ਼ਣ ਦਿੰਦੇ ਸਮੇਂ ਮੰਚ 'ਤੇ ਅਚਾਨਕ ਡਿੱਗ ਗਏ। ਮੰਚ 'ਤੇ ਮੌਜੂਦ ਲੋਕ ਤੁਰੰਤ ਉਨ੍ਹਾਂ ਨੂੰ ਚੁੱਕ ਕੇ ਇਲਾਜ ਲਈ ਲੈ ਗਏ। ਗਡਕਰੀ ਯਵਤਮਾਲ ਦੇ ਪੁਸਦ 'ਚ ਇਕ ਚੋਣ ਸਭਾ ਨੂੰ ਸੰਬੋਧਨ ਕਰਨ ਪਹੁੰਚ ਹੋਏ ਸਨ। ਉਹ ਮੰਚ 'ਤੇ ਬੋਲ ਹੀ ਰਹੇ ਸਨ ਕਿ ਅਚਾਨਕ ਉਹ ਬੇਹੋਸ਼ ਹੋ ਕੇ ਡਿੱਗ ਪਏ, ਜਿਸ ਤੋਂ ਬਾਅਦ ਉਨ੍ਹਾਂ ਦੇ ਨੇੜੇ-ਤੇੜੇ ਮੌਜੂਦ ਲੋਕਾਂ ਨੇ ਉਨ੍ਹਾਂ ਨੂੰ ਸੰਭਾਲਿਆ ਅਤੇ ਤੁਰੰਤ ਇਲਾਜ ਲਈ ਲੈ ਗਏ।

ਹਾਲਾਂਕਿ ਕੁਝ ਦੇਰ ਬਾਅਦ ਨਿਤਿਨ ਗਡਕਰੀ ਨੇ ਐਕਸ 'ਤੇ ਪੋਸਟ ਕਰ ਕੇ ਦੱਸਿਆ ਕਿ ਗਰਮੀ ਕਾਰਨ ਉਨ੍ਹਾਂ ਨੂੰ ਅਸਹਿਜ ਮਹਿਸੂਸ ਹੋਇਆ ਸੀ ਪਰ ਹੁਣ ਉਹ ਪੂਰੀ ਤਰ੍ਹਾਂ ਨਾਲ ਸਿਹਤਮੰਦ ਮਹਿਸੂਸ ਕਰ ਰਹੇ ਹਨ। ਕੇਂਦਰੀ ਸੜਕ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨਾਗਪੁਰ ਲੋਕ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਹਨ। ਨਾਗਪੁਰ ਸੀਟ 'ਤੇ ਪਹਿਲੇ ਪੜਾਅ 'ਚ ਵੋਟਿੰਗ ਹੋ ਚੁੱਕੀ ਹੈ। ਇੱਥੇ ਗਡਕਰੀ ਦਾ ਮੁਕਾਬਲਾ ਕਾਂਗਰਸ ਦੇ ਵਿਕਾਸ ਠਾਕਰੇ ਨਾਲ ਹੈ। ਨਿਤਿਨ ਇੱਥੋਂ ਤੀਜੀ ਵਾਰ ਚੋਣ ਲੜ ਰਹੇ ਹਨ। ਦੱਸਣਯੋਗ ਹੈ ਕਿ 2018 'ਚ ਵੀ ਮਹਾਰਾਸ਼ਟਰ ਦੇ ਅਹਿਮਦਨਗਰ 'ਚ ਇਕ ਪ੍ਰੋਗਰਾਮ ਦੌਰਾਨ ਨਿਤਿਨ ਗਡਕਰੀ ਮੰਚ 'ਤੇ ਬੇਹੋਸ਼ ਹੋ ਗਏ ਸਨ। ਇਸ ਦੌਰਾਨ ਮਹਾਰਾਸ਼ਟਰ ਦੇ ਸਾਬਕਾ ਰਾਜਪਾਲ ਵਿਦਿਆਸਾਗਰ ਰਾਵ ਉਨ੍ਹਾਂ ਨਾਲ ਮੌਜੂਦ ਸਨ। ਗਵਰਨਰ ਨੇ ਹੀ ਉਨ੍ਹਾਂ ਨੂੰ ਸਟੇਜ 'ਤੇ ਸੰਭਾਲਿਆ। ਉਦੋਂ ਦੱਸਿਆ ਗਿਆ ਸੀ ਕਿ ਸ਼ੂਗਰ ਲੈਵਲ ਘੱਟ ਹੋਣ ਕਾਰਨ ਗਡਕਰੀ ਨੂੰ ਚੱਕਰ ਆ ਗਏ। ਉਨ੍ਹਾਂ ਨੂੰ ਤੁਰੰਤ ਪਾਣੀ ਪਿਲਾਇਆ ਗਿਆ ਸੀ।

# ਸਹਾਇਤਾ ਨਾਲਗੈਰ ਸਮਾਜੀ ਅਨਸਰਾਂ ਵਿਰੁੱਧ ਚਲਾਈ ਮੁਹਿਮ ਤਹਿਤ ਪੁਲਿਸ ਵੱਲੋਂ ਪੰਜ ਚੋਰੀ ਦੇ ਮੋਟਰਸਾਈਕਲ ਸਮੇਤ ਇੱਕ ਕਾਬੂ



ਸ੍ਰੀ ਅਨੰਦਪੁਰ ਸਾਹਿਬ 24 ਅਪ੍ਰੈਲ (ਦਵਿੰਦਰਪਾਲ ਸਿੰਘ): ਸ.ਗੁਲਨੀਤ ਸਿੰਘ ਖੁਰਾਨਾ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਵੱਲੋਂ ਜਿਲ੍ਹੇ ਵਿੱਚ ਗੈਰ ਸਮਾਜੀ ਅਨਸਰਾਂ ਵਿਰੁੱਧ ਮੁਹਿਮ ਚਲਾਈ ਹੋਈ ਹੈ। ਡੀ.ਐਸ.ਪੀ ਅਜੇ ਸਿੰਘ ਵੱਲੋਂ ਇਸ ਮੁਹਿਮ ਤਹਿਤ ਸਮੁੱਚੇ ਇਲਾਕੇ ਵਿੱਚ ਲਗਾਤਾਰ ਨਾਕੇਬੰਦੀ ਕਰਕੇ ਗੈਰ ਸਮਾਜੀ ਅਨਸਰਾਂ ਨੂੰ ਕਾਬੂ ਕਰਨ ਦੇ ਨਿਰਦੇਸ਼ ਦਿੱਤੇ ਹੋਏ ਹਨ। ਲੋਕ ਸਭਾ ਚੋਣਾਂ 2024 ਦੌਰਾਨ ਪੁਲਿਸ ਪਾਰਟੀਆਂ ਵੱਲੋਂ ਚੋਕਸੀ ਨਾਲ ਦਿਨ ਰਾਤ ਸ਼ਹਿਰ ਦੇ ਅੰਦਰੂਨੀ ਅਤੇ ਬਾਹਰੀ ਖੇਤਰਾਂ, ਰਸਤਿਆਂ ਤੇ ਨਾਕੇਬੰਦੀ ਕਰਕੇ ਚੈਕਿੰਗ ਅਭਿਆਨ ਚਲਾਏ ਜਾ ਰਹੇ ਹਨ।

ਥਾਨਾ ਮੁਖੀ ਇੰਸਪੈਕਟਰ ਹਿੰਮਤ ਸਿੰਘ ਨੇ ਦੱਸਿਆ ਕਿ ਇਸ ਸਬੰਧ ਵਿੱਚ ਪਿਛਲੇ ਕਾਫੀ ਦਿਨਾਂ ਤੋਂ ਥਾਣਾ ਸ੍ਰੀ ਅਨੰਦਪੁਰ ਸਾਹਿਬ ਦੀ ਪੁਲਿਸ ਵੱਲੋ ਵੱਖ-ਵੱਖ ਟੀਮਾ ਬਣਾ ਕੇ ਵੱਡੇ ਪੱਧਰ ਤੇ ਕਾਰਵਾਈ ਕੀਤੀ ਜਾ ਰਹੀ ਸੀ। ਇਸ ਸਬੰਧੀ ਪੁਲਿਸ ਪਾਰਟੀ ਨੂੰ ਵੱਡੀ ਕਾਮਯਾਬੀ ਮਿਲੀ ਜਦੋ ਏ.ਐਸ.ਆਈ ਜੋਗਨਾਥ ਸਮੇਤ ਪੁਲਿਸ ਪਾਰਟੀ ਬਰਾਏ ਨਾਕਾਬੰਦੀ ਬਾਹੱਦ ਪਿੰਡ ਲੰਗ ਮਜਾਰੀ ਚੰਡੇਸਰ ਮੋੜ ਮੌਜੂਦ ਸੀ ਅਤੇ ਪੁਲਿਸ ਪਾਰਟੀ ਨਾਕੇ ਤੇ ਵਹੀਕਲਾ ਦੀ ਚੈਕਿੰਗ ਕਰ ਰਹੀ ਸੀ ਤਾਂ ਇਕ ਨੌਜਵਾਨ ਗੰਗੂਵਾਲ ਸਾਈਡ ਤੋ ਮੋਟਰਸਾਈਕਲ ਪਰ ਸਵਾਰ ਹੋ ਕੇ ਆ ਰਿਹਾ ਸੀ। ਜਿਸ ਨੂੰ ਰੋਕ ਕੇ ਕਾਗਜਾਤ ਦਿਖਾਉਣ ਲਈ ਕਿਹਾ ਜੋ ਕਾਗਜਾਤ ਨਹੀ ਦਿਖਾ ਸਕਿਆ ਜੋ ਮੋਟਰਸਾਈਕਲ ਪਲਾਟੀਨਾ ਤੇ ਲਿਖਿਆ ਨੰਬਰ PB-12Z-4028 ਜਦੋ ਵਾਹਨ ਐਪ ਤੇ ਚੈਕ ਕੀਤਾ ਤਾਂ ਕੋਈ ਹੋਰ ਨੰਬਰ ਸ਼ੋਅ ਹੋ ਰਿਹਾ ਸੀ। ਮੋਟਰਸਾਈਕਲ ਸਵਾਰ ਨੇ ਆਪਣਾ ਨਾਮ ਮੁਹੰਮਦ ਯਸ਼ੀਨ ਉਰਫ ਨੰਨੂ ਪੁੱਤਰ ਪੱਪੂ ਵਾਸੀ ਪਿੰਡ ਕਿਲਾ ਫਾਟਕ ਸੋਕਾਰਾ ਥਾਣਾ ਫਾਟਕ ਸੋਕਾਰਾ ਜਿਲਾ ਰਾਏ ਬਰੇਲੀ ਯੂ.ਪੀ ਹਾਲ ਵਾਸੀ ਪਿੰਡ ਢੇਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਦੱਸਿਆ। ਜਿਸ ਵਲੋ ਆਪਣੇ ਕਬਜਾ ਵਿੱਚ ਚੋਰੀ ਸ਼ੁਦਾ ਮੋਟਰਸਾਈਕਲ ਨੂੰ ਜਾਅਲੀ ਨੰਬਰ ਲਗਾ ਕੇ ਉਕਤ ਖਿਲਾਫ ਮੁਕੱਦਮਾ ਨੰ: 48 ਮਿਤੀ 23-4-2024 ਅ/ਧ 379,482, 411 ਆਈ.ਪੀ.ਸੀ ਥਾਣਾ ਸ੍ਰੀ ਅਨੰਦਪੁਰ ਸਾਹਿਬ ਦਰਜ ਰਜਿਸਟਰ ਕੀਤਾ ਗਿਆ। ਜਿਸ ਦੀ ਗ੍ਰਿਫਤਾਰੀ ਅਮਲ ਵਿੱਚ ਲਿਆ ਕੇ ਸਖਤੀ ਨਾਲ ਪੁੱਛ-ਗਿੱਛ ਕੀਤੀ ਗਈ । ਮੁਕੱਦਮਾ ਹਜਾ ਦੀ ਤਫਤੀਸ਼ ਦੌਰਾਨ ਦੋਸ਼ੀ ਉਕਤ ਪਾਸੋ ਕੁੱਲ 5 ਮੋਟਰਸਾਈਕਲ ਚੋਰੀ ਸ਼ੁਦਾ ਬਰਾਮਦ ਕਰਵਾਏ ਜਾ ਚੁੱਕੇ ਹਨ। ਜਿਸ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਦੋਰਾਨੇ ਰਿਮਾਂਡ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਗੋਵਰਧਨ ਮੱਠ ਦੇ ਜਗਨਨਾਥ ਪੁਰੀ 'ਚ ਸ਼੍ਰੀ ਕ੍ਰਿਸ਼ਨ ਦਾ ਜਨਮ ਦਿਹਾੜਾ ਮਨਾਇਆ ਗਿਆ



ਪੁਰੀ, ਲੁਧਿਆਣਾ 23 ਅਪ੍ਰੈਲ( ਸੁਖਚੈਨ ਮਹਿਰਾ)ਮਨੋਜ ਪਾਂਡੇ ਵੱਲੋਂ ਜਗਨਨਾਥ ਪੁਰੀ ਗੋਵਰਧਨ ਮੱਠ ਵਿੱਚ ਵਿਆਸ ਗੱਦੀ ਵਿੱਚ ਬਿਰਾਜਮਾਨ ਸਵਾਮੀ ਸਵਾਤਮਾਨੰਦ ਜੀ ਨੇ ਆਪਣੀ ਪ੍ਰਤਿਭਾ ਅਤੇ ਗਿਆਨ ਨਾਲ ਸਭ ਨੂੰ ਨਿਹਾਲ ਕੀਤਾ। ਅੱਜ ਕ੍ਰਿਸ਼ਨ ਜਨਮ ਉਤਸਵ ਮਨਾਇਆ ਗਿਆ, ਜਿਸ ਵਿੱਚ ਸ਼੍ਰੀ ਸਵਾਤਮਾਨੰਦ ਜੀ ਨੇ ਦੱਸਿਆ ਕਿ ਪ੍ਰਮਾਤਮਾ ਹਮੇਸ਼ਾ ਭਗਤੀ ਦਾ ਕਲਿਆਣ ਕਰਦਾ ਹੈ, ਜੋ ਕੋਈ ਵੀ ਭਾਗਵਤ ਕਥਾ ਨੂੰ ਗਿਆਨ ਅਤੇ ਪ੍ਰੇਮ ਨਾਲ ਸੁਣਦਾ ਹੈ, ਉਸ ਦਾ ਲਾਭ ਜ਼ਰੂਰ ਮਿਲਦਾ ਹੈ। ਉਸਨੇ ਭਗਤ ਪ੍ਰਹਿਲਾਦ ਅਤੇ 52 ਦੇਵਤਿਆਂ ਅਤੇ ਰਾਜਾ ਬਲੀ ਬਾਰੇ ਵੀ ਕਹਾਣੀ ਸੁਣਾਈ। ਇਸ ਤੋਂ ਬਾਅਦ ਉਸ ਨੇ ਮਥੁਰਾ ਦੇ ਰਾਜੇ ਕੰਸ ਦੀ ਕਹਾਣੀ ਸੁਣਾਈ, ਜਿਸ ਨੇ ਆਪਣੀ ਭੈਣ ਦੇਵਕੀ ਦਾ ਵਿਆਹ ਵਾਸੁਦੇਵ ਨਾਲ ਕਰ ਦਿੱਤਾ ਅਤੇ ਰੱਥ ਆਪ ਚਲਾਉਣਾ ਸ਼ੁਰੂ ਕਰ ਦਿੱਤਾ, ਜਦੋਂ ਅਸਮਾਨ ਤੋਂ ਆਵਾਜ਼ ਆਈ ਕਿ ਦੇਵਕੀ ਦਾ ਅੱਠਵਾਂ ਪੁੱਤਰ ਕੰਸ ਉਸ ਨੂੰ ਮਾਰ ਦੇਵੇਗਾ। ਜਿਸ ਤੋਂ ਬਾਅਦ ਕੰਸ ਨੇ ਆਪਣੀ ਤਲਵਾਰ ਕੱਢ ਲਈ ਅਤੇ ਆਪਣੀ ਭੈਣ ਦੇਵਕੀ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਉਸਦੇ ਜੀਜਾ ਵਾਸੂਦੇਵ ਜੀ ਨੇ ਕਿਹਾ ਕਿ ਅਸੀਂ ਸਾਰੇ ਪੁੱਤਰਾਂ ਨੂੰ ਤੁਹਾਡੇ ਹਵਾਲੇ ਕਰ ਦੇਵਾਂਗੇ। ਫਿਰ ਕੰਸ ਨੇ ਜੋ ਕਿਹਾ ਉਹ ਪਸੰਦ ਆਇਆ, ਇਸੇ ਤਰ੍ਹਾਂ ਵਾਸੁਦੇਵ ਜੀ ਸਾਰੇ ਬੱਚੇ ਰਾਜਾ ਕੰਸ ਨੂੰ ਦਿੰਦੇ ਰਹੇ। ਜਦੋਂ ਭਗਵਾਨ ਕ੍ਰਿਸ਼ਨ ਦੇ ਅਵਤਾਰ ਵਿਸ਼ਨੂੰ ਦੇ ਅੱਠਵੇਂ ਪੁੱਤਰ ਦਾ ਜਨਮ ਹੋਇਆ ਤਾਂ ਸਾਰੇ ਬੰਧਨ ਟੁੱਟ ਗਏ। ਦਰਬਾਨ ਸੌਂ ਗਏ, ਤਾਲੇ ਖੁੱਲ੍ਹ ਗਏ ਅਤੇ ਬਾਬਾ ਨੰਦ ਰਾਤ ਨੂੰ ਯਮੁਨਾ ਪਾਰ ਕਰਕੇ, ਵਾਸੁਦੇਵ ਜੀ ਨੂੰ ਯਸ਼ੋਦਾ ਜੀ ਦੇ ਘਰ ਛੱਡ ਕੇ ਨੰਦ ਪਿੰਡ ਵਿਚ ਯਸ਼ੋਦਾ ਜੀ ਦੇ ਘਰ ਵਾਪਸ ਆ ਗਏ।

ਨੰਦ ਦੇ ਘਰ ਖੁਸ਼ੀ, ਜੈ ਕਨ੍ਹਈਆ ਲਾਲ। ਸਵਾਮੀ ਜੀ ਨੇ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਬਾਰੇ ਵਿਸਥਾਰ ਸਹਿਤ ਦੱਸਿਆ ਅਤੇ ਇਹ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਬਾਅਦ ਵਿੱਚ ਪਰੀਕਸ਼ਤ ਬਣੇ ਮਨੋਜ ਪਾਂਡੇ ਵੱਲੋਂ ਆਰਤੀ ਕੀਤੀ ਗਈ, ਪ੍ਰਸ਼ਾਦ ਵੰਡਿਆ ਗਿਆ ਅਤੇ ਰਾਏਬਰੇਲੀ, ਫਤਿਹਪੁਰ, ਜਾਲੌਨ, ਕਾਨਪੁਰ ਅਤੇ ਲੁਧਿਆਣਾ ਤੋਂ ਬੁੱਧ ਸਿੰਘ ਗੌੜ ਜੀ ਨੇ ਵੀ ਇਸ ਭਾਗਵਤ ਕਥਾ ਵਿੱਚ ਵਿਸ਼ੇਸ਼ ਹਾਜ਼ਰੀ ਭਰੀ। ਸੁਨੀਲ ਸਿੰਘ, ਲੰਬੂ ਬਾਜਪਾਈ, ਪ੍ਰਮੋਦ ਦਿਵੇਦੀ, ਰੋਸ਼ਨ ਸਿੰਘ ਗੌੜ, ਰਾਮ ਬਿਹਾਰੀ, ਪ੍ਰਜਾਪਤੀ ਦੂਬੇ, ਅਨੁਭਵ ਦਿਵੇਦੀ, ਤਿਵਾੜੀ ਜੀ ਅਤੇ ਸੈਂਕੜੇ ਸ਼ਰਧਾਲੂਆਂ, ਮਾਤਾਵਾਂ ਅਤੇ ਭੈਣਾਂ ਨੇ ਵੀ ਸ਼ਮੂਲੀਅਤ ਕੀਤੀ।

# ਟੀਕਾਕਰਨ ਤੋਂ ਵਾਂਝੇ ਰਹੇ ਬੱਚੇ ਜਾਂ ਗਰਭਵਤੀ ਮਾਂਵਾਂ ਦਾ ਕੀਤਾ ਜਾਵੇਗਾ ਸੰਪੂਰਨ ਟੀਕਾਕਰਨ- ਡਾ. ਦਲਜੀਤ ਕੌਰ




ਸ੍ਰੀ ਅਨੰਦਪੁਰ ਸਾਹਿਬ 24 ਅਪ੍ਰੈਲ (ਦਵਿੰਦਰਪਾਲ ਸਿੰਘ): ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਕਿਸੇ ਕਾਰਨ ਟੀਕਾਕਰਣ ਤੋਂ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਵਿਸ਼ਵ ਟੀਕਾਕਰਨ ਹਫਤੇ ਅਧੀਨ 24 ਤੋਂ 30 ਅਪ੍ਰੈਲ ਤੱਕ ਸਪੈਸ਼ਲ ਕੈਂਪ ਲਗਾਏ ਜਾ ਰਹੇ ਹਨ। ਡਾ. ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪੀ.ਐਚ.ਸੀ ਕੀਰਤਪੁਰ ਸਾਹਿਬ ਵਿੱਚ ਵਿਸ਼ਵ ਟੀਕਾਕਰਨ ਹਫਤੇ ਦੀ ਸ਼ੁਰੂਆਤ ਡਾ. ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਨੇ ਕਰਦਿਆਂ ਦੱਸਿਆ ਕਿ ਇਸ ਮੁਹਿੰਮ ਅਧੀਨ ਪੀ.ਐਚ.ਸੀ ਕੀਰਤਪੁਰ ਸਾਹਿਬ ਆਉਂਦੇ ਪੂਰੇ ਏਰੀਏ ਵਿੱਚ ਸਪੈਸ਼ਲ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੀ.ਐਚ.ਸੀ ਕੀਰਤਪੁਰ ਸਾਹਿਬ ਦੇ ਅਧੀਨ ਆਉਂਦੇ ਸਾਰੇ ਸੈਂਟਰਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾਈ ਗਈ ਜੋ ਕਿ 30 ਅਪ੍ਰੈਲ ਤੱਕ ਚੱਲੇਗੀ। ਇਸ ਮੋਕੇ ਹੋਰ ਜਾਣਕਾਰੀ ਦਿੰਦਿਆਂ ਡਾ. ਦਲਜੀਤ ਕੌਰ ਨੇ ਦੱਸਿਆ ਕਿ ਇਸ ਸਬੰਧੀ ਸਾਰੇ ਸਿਹਤ ਕਰਮਚਾਰੀਆਂ ਨੂੰ ਪਹਿਲਾਂ ਹੀ ਟ੍ਰੇਨਿੰਗ ਦੇ ਕੇ ਜਾਗਰੂਕ ਕੀਤਾ ਜਾ ਚੁੱਕਾ ਹੈ। ਸੀਨੀਅਰ ਮੈਡੀਕਲ ਅਫਸਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੁਹਿੰਮ ਦਾ ਪੂਰਾ ਲਾਭ ਲੈਣ ਅਤੇ ਆਪਣਾ ਟੀਕਾਕਰਨ ਪੂਰਾ ਕਰਵਾਉਣ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਜਾਣਕਾਰੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

# ਖਰਾਬ ਮੌਸਮ ਦੇ ਚਲਦਿਆਂ ਸਰਕਾਰ ਕਣਕ ਦੀ ਖਰੀਦ ਤੇ ਨਮੀ ਦੀ ਸ਼ਰਤ 12 ਤੋਂ 15 ਕਰੇ:-ਗਗੜਾ




ਕੋਟ ਈਸੇ ਖਾਂ, (ਅਰੋੜਾ) ਪੰਜਾਬ ਵਿੱਚ ਮੌਸਮ ਲਗਭਗ ਲਗਾਤਾਰ ਖਰਾਬ ਰਹਿਣ ਕਾਰਨ ਕਿਸਾਨਾਂ ਦੀ ਕਣਕ ਦੀ ਨਮੀ ਵਿੱਚ ਥੋੜਾ ਜਿਹਾ ਵਾਧਾ ਹੋਣ ਕਾਰਨ ਕਿਸਾਨ ਕਈ ਕਈ ਦਿਨਾ ਤੋਂ ਮੰਡੀਆਂ ਵਿੱਚ ਰੁਲ ਰਹੇ ਹਨ ਜਿਸ ਕਾਰਨ ਇਸ ਵਰਗ ਵਿੱਚ ਕਾਫੀ ਨਿਰਾਸ਼ਤਾ ਵੇਖਣ ਨੂੰ ਮਿਲ ਰਹੀ ਹੈ। ਇਸ ਸਬੰਧੀ ਜਦੋਂ ਅੱਜ ਕੁੱਲ ਹਿੰਦ ਕਿਸਾਨ ਸਭਾ ਦੀ ਇੱਕ ਟੀਮ ਜਿਸ ਵਿਚ ਇਸ ਦੇ ਸੂਬਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਗਗੜਾ, ਜਿਲਾ ਮੀਤ ਪ੍ਰਧਾਨ ਸੁਖਦੇਵ ਸਿੰਘ ਗਲੋਟੀ ਅਤੇ ਜਿਲਾ ਆਗੂ ਗੁਰਿੰਦਰ ਸਿੰਘ ਮਸੀਤਾਂ ਵੀ ਨਾਲ ਸਥਾਨਕ ਮੰਡੀ ਦਾ ਦੌਰਾ ਕੀਤਾ ਗਿਆ ਜਿਸ ਵਿੱਚ ਇਹ ਵੇਖਣ ਵਿੱਚ ਆਇਆ ਕਿ ਕਣਕ ਵਿੱਚ ਕੁਝ ਮਾਮੂਲੀ ਜਿਹੀ ਵੱਧ ਨਮੀ ਕਾਰਨ ਕਿਸਾਨ ਕਈ ਕਈ ਦਿਨਾਂ ਤੋਂ ਦਾਣਾ ਮੰਡੀ ਵਿੱਚ ਰੁਲ ਰਹੇ ਸਨ। ਇਸ ਸਬੰਧੀ ਜਦੋਂ ਆੜਤੀਆਂ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਕਣਕ ਦੀ ਨਮੀ ਦੀ ਹੱਦ 12 ਰੱਖੀ ਗਈ ਹੈ ਜੇਕਰ ਇਹ 15 ਤੱਕ ਹੋ ਜਾਂਦੀ ਹੈ ਤਾਂ ਲਗਭਗ ਸਾਰੀਆਂ ਢੇਰੀਆਂ ਦੀ ਖਰੀਦ ਹੋ ਸਕਦੀ ਹੈ।ਇਸ ਸਬੰਧੀ ਕੁਲ ਹਿੰਦ ਕਿਸਾਨ ਸਭਾ ਦੇ ਆਗੂਆਂ ਨੇ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਕਿ ਨਮੀ ਦੀ ਸ਼ਰਤ 12 ਦੀ ਬਜਾਏ 15 ਕਰ ਕੀਤੀ ਜਾਵੇ ਤਾਂ ਜੋ ਛੇ ਮਹੀਨਿਆਂ ਤੋਂ ਪੁੱਤਾਂ ਵਾਂਗੂ ਪਾਲੀ ਕਣਕ ਦੇ ਮੰਡੀਆਂ ਵਿੱਚ ਰੁਲਣ ਤੋਂ ਕਿਸੇ ਕਿਸਮ ਦਾ ਸਾਹਮਣਾ ਕਰਨ ਤੋਂ ਬਚਿਆ ਜਾ ਸਕੇ ।

# ਬਲਾਕ ਸਿੱਖਿਆ ਅਫ਼ਸਰ ਨੇ ਕਲੱਸਟਰ ਕੋਟ ਈਸੇ ਖਾਂ ਦੇ ਸਕੂਲ ਮੁਖੀਆਂ ਨਾਲ ਕੀਤੀ ਮੀਟਿੰਗ

## ਸਕੂਲ ਦਾਖਲੇ ਵਿੱਚ ਵਾਧੇ ਅਤੇ ਮਿਸ਼ਨ ਸਮਰੱਥ ਅਧੀਨ ਟੀਚਿਆ ਬਾਰੇ ਕੀਤੀ ਵਿਚਾਰ ਚਰਚਾ




ਕੋਟ ਈਸੇ ਖਾਂ (ਅਰੋੜਾ) ਸਿੱਖਿਆ ਵਿਭਾਗ ਵਲੋਂ ਸਿੱਖਿਆ ਦੇ ਸੁਧਾਰ ਲਈ ਅਤੇ ਬੱਚਿਆ ਦੇ ਪੜਾਈ ਦੇ ਪੱਧਰ ਨੂੰ ਉੱਚਾ ਚੁਕਣ ਲਈ ਕਈ ਪ੍ਰੋਜੈਕਟ ਚਲਾਏ ਜਾਂਦੇ ਹਨ ,ਇਸੇ ਤਹਿਤ ਪ੍ਰਾਇਮਰੀ ਸਿੱਖਿਆ ਦੇ ਸੁਧਾਰ ਲਈ ਸਕੂਲਾਂ ਮਿਸ਼ਨ ਸਮਰੱਥ ਪ੍ਰੋਜੈਕਟ ਚੱਲ ਰਿਹਾ ਹੈ ,ਜਿਸ ਦੀ ਰਿਵੀਊ ਮੀਟਿੰਗ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਧਰਮਕੋਟ ਮੈਡਮ ਕੰਚਨ ਬਾਲਾ ਦੀ ਅਗਵਾਈ ਵਿੱਚ ਕਲੱਸਟਰ ਕੋਟ ਈਸੇ ਖਾਂ ਅਧੀਨ ਆਉਂਦੇ ਸਕੂਲਾਂ ਦੇ ਮੁਖੀਆਂ ਨਾਲ ਕੀਤੀ। ਮੀਟਿੰਗ ਵਿੱਚ ਕਲੱਸਟਰ ਮੁਖੀ ਕੁਲਵਿੰਦਰ ਸਿੰਘ ਜਾਣਕਾਰੀ ਦਿੰਦੇ ਹੋਏ ਦੱਸਿਆ ਕੇ ਬਲਾਕ ਸਿੱਖਿਆ ਅਫ਼ਸਰ ਵਲੋਂ ਸਕੂਲ ਮੁਖੀਆਂ ਨਾਲ ਦਾਖਲੇ ਵਿੱਚ ਵਾਧੇ ਅਤੇ ਮਿਸ਼ਨ ਸਮਰੱਥ ਅਧੀਨ ਵੱਖ ਵੱਖ ਪੱਧਰ ਅਤੇ ਟੀਚਿਆ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ਗਈ ਅਤੇ ਹਦਾਇਤ ਕੀਤੀ ਗਈ ਕੇ ਦਾਖਲੇ ਵਿੱਚ ਵਾਧੇ ਦੇ ਨਾਲ ਨਾਲ ਬੱਚਿਆ ਦੀ ਪੜਾਈ ਦਾ ਪੱਧਰ ਹੋਰ ਉੱਚਾ ਚੁਕਣ ਲਈ ਵਿਭਾਗ ਦੁਆਰਾ ਦਿੱਤੇ ਜਾਂਦੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ । ਇਸ ਮੌਕੇ ਹੈਡ ਟੀਚਰ ਗੁਰਪ੍ਰੀਤ ਸਿੰਘ ਘਲੋਟੀ ,ਹੈੱਡ ਟੀਚਰ ਕਰਮਜੀਤ ਕੌਰ ਜਨੇਰ,ਹੈੱਡ ਟੀਚਰ ਰਣਜੀਤ ਕੌਰ ਮਸੀਤਾਂ,ਹੈੱਡ ਟੀਚਰ ਮੈਡਮ ਅੰਜੂ ਕੋਟ ਸਦਰ ਖਾਂ,ਯੋਗੇਸ਼ ਠਾਕੁਰ ਜਸਪੁਰ,ਜਤਿੰਦਰ ਸਿੰਘ ਨਸੀਰਪੁਰ ਜਾਨੀਆ,ਵਿਨੋਦ ਕੁਮਾਰ ਮਸਤੇ ਵਾਲਾ,ਜਗਸੀਰ ਸਿੰਘ ਭਾਗਪੁਰ ਗਗੜਾ ਆਦਿ ਹਾਜ਼ਰ ਸਨ।

# ਵਿਦਿਆ ਪ੍ਰਾਪਤੀ ਦੇ ਨਾਲ-ਨਾਲ ਸਿਖਿਆਰਥੀਆਂ ਦਾ ਮਨੋਬਲ ਵੀ ਉਚਾ ਹੋ ਰਿਹੈ ਗੁਰੂ ਨਾਨਕ ਮਿਸ਼ਨ ਨਿਸ਼ਕਾਮ ਕੋਚਿੰਗ ਸੈਂਟਰ ਵਿਖੇ

## ਇਲਾਕੇ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਵਰਦਾਨ ਬਣ ਰਿਹੈ ਗੁਰੂ ਨਾਨਕ ਮਿਸ਼ਨ ਨਿਸ਼ਕਾਮ ਕੋਚਿੰਗ ਸੈਂਟਰ

ਸਹੀਦ ਭਗਤ ਸਿੰਘ ਨਗਰ 24 ਅ੍ਰਪੈਲ – ਜੂਨ ਮਹੀਨੇ ਵਿਚ ਹੋ ਰਹੀ ਪੁਲਸ ਭਰਤੀ ਪ੍ਰੀਖਿਆ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਸਥਾਨਕ ਖਾਲਸਾ ਸਕੂਲ ਵਿਚ ਚਲਾਏ ਜਾ ਰਹੇ ਗੁਰੂ ਨਾਨਕ ਮਿਸ਼ਨ ਕੋਚਿੰਗ ਸੈਂਟਰ ਵਿਚ ਜਿਲਾ ਭਰ ਦੇ ਅਲੱਗ ਅਲੱਗ ਪਿੰਡਾਂ ਤੋਂ ਸਿਖਿਆਰਥੀ ਜਿੱਥੇ ਇਸ ਪ੍ਰੀਖਿਆ ਦੀ ਤਿਆਰੀ ਲਈ ਸਿਲੇਬਸ ਅਨੁਸਾਰ ਵਿਦਿਅਕ ਸਿਖਿਆ ਪ੍ਰਾਪਤ ਕਰ ਰਹੇ ਹਨ ਉੱਥੇ ਪ੍ਰੀਖਿਆ ਦੇਣ ਦੇ ਪੈਟਰਨ ਬਾਰੇ ਜਾਣਕਾਰੀ ਹਾਸਲ ਕਰਕੇ ਉਨਾ ਦਾ ਮਨੋਬਲ ਵੱਧ ਰਿਹਾ ਹੈ।ਇਹ ਜਾਣਕਾਰੀ ਸਾਂਝੀ ਕਰਦੇ ਹੋਏ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਬੱਚੇ ਸਕੂਲੀ ਪੜ੍ਹਾਈ ਦੌਰਾਨ ਕੁੱਝ ਵਿਸ਼ਿਆਂ ਵਿਚ ਵਿਦਿਆ ਤਾਂ ਪ੍ਰਾਪਤ ਕਰਦੇ ਹਨ ਮਗਰ ਉਨਾਂ ਨੂੰ ਪ੍ਰੀਖਿਆ ਦੇ ਤੌਰ ਤਰੀਕਿਆਂ ਬਾਰੇ ਅਤੇ ਖਾਸ ਕਰਕੇ ਜਨਰਲ ਨਾਲਜ ਅਤੇ ਕਰੰਟ ਅਫੇਅਰ ਬਾਰੇ ਪੂਰਨ ਜਾਣਕਾਰੀ ਦੀ ਕਮੀ ਹੋਣ ਕਾਰਨ ਉਹ ਹੁਸ਼ਿਆਰ ਹੋਣ ਦੇ ਬਾਵਜੂਦ ਵੀ ਕੰਪੀਟੀਸ਼ਨ ਪਾਸ ਕਰਨ ਤੋਂ




ਅਸਮਰੱਥ ਹੋ ਜਾਂਦੇ ਹਨ। ਉਨਾਂ ਦੱਸਿਆ ਕਿ ਇਨਾਂ ਸਿਖਿਆਰਥੀਆਂ ਅਨੁਸਾਰ ਕੰਪੀਟੀਸ਼ਨ ਕਲੀਅਰ ਨਾ ਹੋਣ ਦੀ ਸੂਰਤ ਵਿਚ ਉਨਾਂ ਅੰਦਰ ਮਾਨਸਿਕ ਤੌਰ ਤੇ ਇਕ ਕੰਪਲੈਕਸ ਪੈਦਾ ਹੁੰਦਾ ਹੈ ਕਿ ਸ਼ਾਇਦ ਉਹ ਪ੍ਰੀਖਿਆ ਕਲੀਅਰ ਕਰਨ ਦੇ ਸਮਰੱਥ ਨਹੀਂ ਹੋ ਸਕਦੇ। ਇਹੀ ਕਾਰਨ ਹੈ ਕਿ ਚੰਗੀ ਵਿਦਿਅਕ ਯੋਗਤਾ ਹੋਣ ਦੇ ਬਾਵਜੂਦ ਵੀ ਉਹ ਕੰਪੀਟੀਸ਼ਨ ਦੌਰਾਨ ਮਾਰ ਖਾ ਜਾਂਦੇ ਸਨ। ਉਨਾਂ ਕਿਹਾ ਕਿ ਇਸ ਕੋਚਿੰਗ ਦੌਰਾਨ ਬੱਚਿਆਂ ਦਾ ਮਨੋਬਲ ਕਾਫੀ ਵਧ ਰਿਹਾ ਹੈ। ਬੱਚਿਆਂ ਅਨੁਸਾਰ ਨਵਾਂਸ਼ਹਿਰ ਅੰਦਰ ਪਹਿਲਾਂ ਅਜਿਹੀ ਨਿਸ਼ਕਾਮ ਕੋਚਿੰਗ ਦਾ ਪ੍ਰਬੰਧ ਨਾ ਹੋਣਾ ਅਤੇ ਬਾਹਰ ਜਾ ਕੇ ਕੋਚਿੰਗ ਦੇ ਖਰਚੇ ਪਹੁੰਚ ਤੋਂ ਬਾਹਰ ਹੋਣਾ ਉਨਾਂ ਲਈ ਇਕ ਵੱਡੀ ਸਮੱਸਿਆ ਸੀ ਅਤੇ ਇਸ ਨਿਸ਼ਕਾਮ ਸੇਵਾ ਦਾ ਲਾਭ ਉਠਾ ਕੇ ਹੁਣ ਉਨਾਂ ਨੂੰ ਪੂਰਨ ਵਿਸ਼ਵਾਸ ਹੈ ਕਿ ਉਹ ਦੇਸ਼ ਵਿਚ ਰਹਿ ਕੇ ਰੁਜ਼ਗਾਰ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਦੇ ਹਨ। ਗੁਰੂ ਨਾਨਕ ਮਿਸ਼ਨ ਕੋਚਿੰਗ ਸੈਂਟਰ ਵਿਖੇ ਦੀਦਾਰ ਸਿੰਘ ਡੀ ਐੱਸ ਪੀ ਦੇ ਮਾਰਗ ਦਰਸ਼ਨ ਅਤੇ ਉਨਾਂ ਦੀ ਦੇਖ ਰੇਖ ਹੇਠ ਚਲ ਰਹੇ ਜਿਥੇ ਬਹੁਤ ਹੀ ਯੋਗ ਅਤੇ ਤਜਰਬੇਕਾਰ ਅਧਿਆਪਕ ਰੋਜਾਨਾ ਸਿਖਿਆ ਦੇ ਰਹੇ ਹਨ ਉੱਥੇ ਸਿਖਿਆਰਥੀਆਂ ਵਿਚ ਕੰਪੀਟੀਸ਼ਨ ਕਲੀਅਰ ਕਰਨ ਲਈ ਇਕ ਨਵੀਂ ਰੂਹ ਵੀ ਫੂਕ ਰਹੇ ਹਨ। ਇਸ ਬੈਚ ਨੂੰ ਚਲਾਉਣ ਵਾਲੇ ਅਧਿਆਪਕਾਂ ਵਿਚ ਰਣਵੀਰ ਸਿੰਘ, ਨਵਨੀਤ ਸ਼ਰਮਾ, ਸੁਰੇਸ਼ ਚੌਹਾਨ, ਹਰਮਿੰਦਰ ਸਿੰਘ, ਸਿਮਰਨਪ੍ਰੀਤ ਸਿੰਘ, ਅੰਕੁਸ਼ ਨਿਝਾਵਨ, ਸੰਦੀਪ ਕੌਰ ਅਤੇ ਰਾਜਵਿੰਦਰ ਸਿੰਘ ਦਾ ਵੱਡਾ ਯੋਗਦਾਨ ਹੈ ਉਥੇ ਦੀਦਾਰ ਸਿੰਘ ਦੀ ਅਗਵਾਈ ਹੇਠ ਕਮਲਜੀਤ ਸਿੰਘ ਸੇਵਾਮੁਕਤ ਡਵੀਜ਼ਨਲ ਕਮਿਸ਼ਨਰ, ਪਰਮਿੰਦਰ ਸਿੰਘ ਮੈਨੇਜਰ, ਜਗਜੀਤ ਸਿੰਘ, ਮਨਮੋਹਨ ਸਿੰਘ ਅਤੇ ਸਾਹਿਲ ਮੁਹੰਮਦ ਮੈਂਬਰਾਂ ਦੀ ਇਕ ਵਿਸ਼ੇਸ਼ ਟੀਮ ਤਨਦੇਹੀ ਨਾਲ ਸੇਵਾ ਕਰ ਰਹੀ ਹੈ।

# ‘ਭਾਰਤੀ ਸੰਵਿਧਾਨ ਅਤੇ ਬਾਬਾ ਸਾਹਿਬ ਦਾ ਮਿਸ਼ਨ’ ਉੱਤੇ ਸੈਮੀਨਾਰ ਕਰਵਾਇਆ

ਖਰੜ,24 ਅਪ੍ਰੈਲ (ਕਾਲਾ ਸਿੰਘ ਸੈਣੀ)- ਸ੍ਰੀ ਗੁਰੂ ਰਵਿਦਾਸ ਸਭਾ ਖਰੜ ਵਲੋਂ ‘ਭਾਰਤੀ ਸੰਵਿਧਾਨ ਅਤੇ ਬਾਬਾ ਸਾਹਿਬ ਦਾ ਮਿਸ਼ਨ’ ਉਤੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ ਕਰਵਾਇਆ




ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਰਨਲ ਪ੍ਰਿਥਵੀ ਰਾਜ ਕੁਮਾਰ ਨੇ ਕੀਤੀ। ਜਦਕਿ ਪ੍ਰੋ.ਕਮਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਤੌਰ ਮੁੱਖ ਮਹਿਮਾਨ, ਡਾ. ਅਜੈ ਰੰਗਾਂ ਨੇ ਮੁੱਖ ਬੁਲਾਰੇ ਦੇ ਤੌਰ ਤੇ ਹਾਜ਼ਰੀ ਭਰੀ। ਡਾ.ਅਜੈ ਰੰਗਾ ਨੇ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਨਿਰਮਾਤਾ ਹੋਣ ਦੀ ਵੱਡੀ ਭੂਮਿਕਾ ਨਿਭਾ ਕੇ ਦੇਸ਼ ਦੇ ਲੋਕਾਂ ਨੂੰ ਸਮਾਜਵਾਦੀ, ਆਰਥਿਕ ਬਰਾਬਰਤਾ ਅਤੇ ਧਰਮ ਨਿਰਪੱਖਤਾ ਦੀ ਬੁਨਿਆਦ ਰੱਖੀ ਸੀ। ਉਨਾਂ ਵਲੋਂ ਇਸਤੋਂ ਵੀ ਵੱਡੀ ਭੂਮਿਕਾ ਇਹ ਨਿਭਾਈ ਗਈ ਸੀ ਕਿ ਦੇਸ਼ ਦੇ ਸ਼ੋਸਤ, ਵੰਡਿਤ, ਅਛੂਤ ਲੋਕਾਂ ਨੂੰ ਚੇਤਨ ਕਰਨ ਲਈ ਸਾਰਾ ਜੀਵਨ ਲਗਾ ਦਿੱਤਾ ਅਤੇ ਦਲਿਤਾਂ ਦੇ ਹੱਕ ਹਕੂਕਾਂ ਸੰਵਿਧਾਨਕ ਕਾਨੂੰਨ ਵੀ ਪਾਸ ਕਰਵਾਏ, ਜਿਸ ਕਰਕੇ ਅਸੀ ਅੱਜ ਮਾਨਸਿਕ,ਸਮਾਜਿਕ ਤੇ ਆਰਥਿਕ ਤੌਰ ਤੇ ਉਤੇ ਸਮਰੱਥ ਹੋਏ। ਸਾਡਾ ਖੁਸ਼ਹਾਲ ਲੋਕਾਂ ਦਾ ਫਰਜ਼ ਬਣਦਾ ਹੈ ਕਿ ਸਾਥੋ ਪਿੱਛੋ ਰਹਿ ਗਏ ਲੋਕਾਂ ਦੇ ਨਾਲ ਖੜ੍ਹਿਆ ਜਾਵੇ। ਸੈਮੀਨਾਰ ਨੂੰ ਕਰਨਲ ਪ੍ਰਿਥਵੀ ਰਾਜ ਕੁਮਾਰ, ਹਰਬੰਸ ਲਾਲ ਮਹਿਮੀ, ਫਤਿਹਜੰਗ ਸਿੰਘ, ਰਾਜ ਕੁਮਾਰ ਵਲੋਂ ਵੀ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਮਾਰਕੀਟ ਕਮੇਟੀ ਖਰੜ ਦੇ ਚੇਅਰਮੈਨ ਹਾਕਮ ਸਿੰਘ ਵਾਲੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸੈਮੀਨਾਰ ਵਿਚ ਬੱਚਿਆਂ ਦੀਆਂ ਕਵਿਤਾਵਾਂ ਵੀ ਸੁਣਾਈਆਂ। ਸਭਾ ਦੇ ਮੰਚ ਸੰਚਾਲਕ ਹਰਨਾਮ ਸਿੰਘ ਡੱਲਾ ਨੇ ਬੁਲਾਰਿਆਂ ਦੇ ਭਾਸ਼ਣਾਂ ਉਤੇ ਉਸਾਰੂ ਟਿੱਪਣੀਆਂ ਕਰਕੇ ਸਰੋਤਿਆ ਸਾਹਮਣੇ ਡਾ. ਭੀਮ ਰਾਓ. ਅੰਬੇਡਕਰ ਦੀ ਅਜੋਕੇ ਸਮਿਆਂ ਵਿਚ ਬਣਦੀ ਸਾਰਥਕਤਾ ਲਈ ਸਵਾਲ ਛੱਡੇ। ਸੈਮੀਨਾਰ ਵਿਚ ਰਾਮ ਸਰੂਪ ਸ਼ਰਮਾ, ਪੰਕਜ ਚੱਢਾ, ਅਮਨਦੀਪ ਸਿੰਘ, ਰਾਜਵੀਰ ਸਿੰਘ ਰਾਜੀ, ਪਰਮਜੀਤ ਕੌਰ, ਮੇਵਾ ਸਿੰਘ ਪੁਰਖਾਲੀ, ਜੰਗ ਸਿੰਘ, ਜੈਪਾਲ ਸਿੰਘ, ਜੰਗ ਸਿੰਘ ਭੱਟੀ, ਬਲਦੇਵ ਸਿੰਘ ਰਡਿਆਲਾ, ਹਰਕਾਦਾਸ, ਚਰਨ ਸਿੰਘ ਕੰਗ, ਜਗਪਾਲ ਸਿੰਘ, ਕੈਪਟਨ ਚੰਦਰ ਗੇਰਾ,ਗਦਰੀ ਬਾਰੇ ਵਿਚਾਰਧਾਰਕ ਮੰਚ ਪੰਜਾਬ ਦੇ ਸਰਪ੍ਰਸਤ ਕਰਨੈਲ ਜੀਤ ਸਿੰਘ, ਕਾਮਰੇਡ ਯੋਗ ਰਾਜ, ਮੋਹਣ ਲਾਲ ਰਾਹੀ, ਕਾਮਰੇਡ ਕਾਕਾ ਰਾਮ ਮੋਰਿੰਡਾ, ਪ੍ਰਿੰਸੀਪਲ ਅਮਰਜੀਤ ਸਿੰਘ ਕੰਗ ਸਮੇਤ ਸੈਕੜੇ ਸਰੋਤਿਆ ਨੇ ਬੁਲਾਰਿਆਂ ਦੇ ਵਿਚਾਰਾਂ ਨੂੰ ਸੁਣਿਆ। ਸਭਾ ਦੇ ਪ੍ਰਧਾਨ ਮਦਨ ਲਾਲ ਜਨਾਗਲ ਨੇ ਸਰੋਤਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਿਹਤ ਵਿਭਾਗ ਦੇ ਚੱਲ ਰਹੇ ਪ੍ਰੋਗਰਾਮਾਂ ਦੇ ਮੁਲਾਂਕਣ ਸਬੰਧੀ ਪੰਚਾਇਤ ਭਵਨ ਵਿਖੇ ਹੋਈ ਮੀਟਿੰਗ



ਗੁਰਦਾਸਪੁਰ-ਨਵਨੀਤ ਕੁਮਾਰ - ਸਿਹਤ ਪ੍ਰੋਗਰਾਮਾਂ ਦੇ ਮੁਲਾਂਕਣ ਸਬੰਧੀ ਜ਼ਿਲ੍ਹਾ ਪੱਧਰੀ ਮੀਟਿੰਗ ਸਹਾਇਕ ਕਮਿਸ਼ਨਰ ਅਸ਼ਵਨੀ ਅਰੋੜਾ ਦੀ ਅਗਵਾਈ ਹੇਠ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਹੋਈ। ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਨੇ ਕਿਹਾ ਕਿ ਡੇਂਗੂ ਅਤੇ ਮਲੇਰੀਆ ਰੋਕਥਾਮ ਦੇ ਉਪਾਅ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹੀਂ ਦਿਨੀਂ ਮਲੇਰੀਆ ਜਾਗਰੂਕਤਾ ਦਿਵਸ ਮਨਾਇਆ ਜਾ ਰਿਹਾ ਹੈ। ਸਿਹਤ ਅਮਲੇ ਵੱਲੋਂ ਫ਼ੀਲਡ ਸਰਵੇ ਜਾਰੀ ਹੈ। ਸਮੂਹ ਨਗਰ ਕੌਂਸਲ ਨੂੰ ਫੋਗਿੰਗ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਰੈਪਿਡ ਕਿੱਟਾਂ ਨਾਲ ਮਲੇਰੀਆ ਆਦਿ ਦੀ ਮੌਕੇ ਤੇ ਟੈਸਟਿੰਗ ਕੀਤੀ ਜਾ ਰਹੀ ਹੈ। ਜ਼ਿਲ੍ਹਾ ਹਸਪਤਾਲ ਵਿਖੇ ਅਲਾਈਸਾ ਟੈਸਟ ਦੀ ਸੁਵਿਧਾ ਹੈ ਜਿਸ ਨਾਲ ਡੇਂਗੂ ਦਾ ਪਤਾ ਲਗਦਾ ਹੈ। ਜ਼ਿਲ੍ਹਾ ਐਪੀਡਮੇਲੋਜਿਸਟ ਡਾ. ਪ੍ਰਭਜੋਤ ਕਲਸੀ ਨੇ ਦੱਸਿਆ ਕਿ ਗਰਮੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਹਸਪਤਾਲਾਂ ਵਿਚ ਕੂਲ ਰੂਮ ਬਣਾਏ ਗਏ ਹਨ। ਹੀਟ ਵੇਵ ਸਬੰਧੀ ਐਡਵਾਈਜ਼ਰੀ ਜਾਰੀ ਕਰ ਦਿੱਤੀ ਗਈ ਹੈ। ਸਟਾਫ਼ ਨੂੰ ਹਿਦਾਇਤ ਕੀਤੀ ਗਈ ਹੈ ਕਿ ਹੀਟ ਵੇਵ ਦੇ ਕੇਸਾਂ ਦੀ ਸਮੇਂ ਸਿਰ ਰਿਪੋਰਟਿੰਗ ਕੀਤੀ ਜਾਵੇ। ਗਰਮੀ ਦੇ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਪੁਖ਼ਤਾ ਪ੍ਰਬੰਧ ਕੀਤੇ ਜਾਣ। ਵਾਟਰ ਸੈਂਪਲਿੰਗ ਕਰਾਈ ਜਾਵੇ। ਸਿਹਤ ਸੰਸਥਾਵਾਂ ਵਿਚ ਓ.ਆਰ.ਐੱਸ ਦੇ ਪੈਕੇਟ ਜ਼ਰੂਰੀ ਮਾਤਰਾ ਵਿਚ ਉਪਲੱਬਧ ਹਨ। ਉਨ੍ਹਾਂ ਦੱਸਿਆ ਕਿ ਚੋਣਾਂ ਵਿਚ ਹਰੇਕ ਬੂਥ ਤੇ ਸਿਹਤ ਵਿਭਾਗ ਵੱਲੋਂ ਤਾਇਨਾਤ ਕਰਮਚਾਰੀ ਕੋਲ 25 ਪੈਕਟ ਓ.ਆਰ.ਐੱਸ. ਦੇ ਹੋਣਗੇ। ਮੀਟਿੰਗ ਦੌਰਾਨ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸਵਿਤਾ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਤੰਬਾਕੂਨੋਸ਼ੀ ਦੇ ਚਲਾਨ ਲਗਾਤਾਰ ਕੱਟੇ ਜਾ ਰਹੇ ਹਨ। ਸਹਾਇਕ ਕਮਿਸ਼ਨਰ ਨੇ ਜ਼ਿਲ੍ਹੇ ਦੇ ਬਾਕੀ ਵਿਭਾਗਾਂ ਨੂੰ ਵੀ ਹਿਦਾਇਤ ਕੀਤੀ ਕਿ ਉਹ ਵੀ ਤੰਬਾਕੂਨੋਸ਼ੀ ਦੇ ਚਲਾਨ ਕੱਟਣ।

ਮੀਟਿੰਗ ਵਿਚ ਅਸਿਸਟੈਂਟ ਕਮਿਸ਼ਨਰ ਫੂਡ ਡਾ. ਜੇ.ਐੱਸ ਪੰਨੂ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਅਦਾਰੇ ਵੱਲੋਂ ਬਟਾਲਾ ਦੀ ਡੇਰਾ ਰੋਡ ਨੂੰ ਕਲੀਨ ਫਰੂਟ ਐਂਡ ਵੈਜੀਟੇਬਲ ਮਾਰਕਿਟ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ ਹੈ। ਈਟ ਰਾਈਟ ਪ੍ਰੋਜੈਕਟ ਤਹਿਤ ਗੁਰਦਾਸਪੁਰ ਵਿਚ ਵੀ ਕਲੀਨ ਸਟਰੀਟ ਫੂਡ ਮਾਰਕਿਟ ਬਣੇਗੀ। ਰੇਹੜੀ ਅਤੇ ਫੜੀ ਵਾਲਿਆਂ ਲਈ ਜ਼ਿਲ੍ਹੇ ਵਿਚ ਕੈਂਪ ਲਾਏ ਜਾਣਗੇ ਜਿੱਥੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਦੇ ਨਾਲ ਹੀ ਟਰੇਨਿੰਗ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਸਿਰ ਖਾਦ ਪਦਾਰਥਾਂ ਦੇ ਸੈਂਪਲ ਭਰੇ ਜਾ ਰਹੇ ਹਨ। ਇਸ ਸਬੰਧੀ ਕੇਸ ਵੀ ਦਾਇਰ ਕੀਤੇ ਗਏ ਹਨ। ਇਸ ਮੌਕੇ ਸਮੂਹ ਸੀਨੀਅਰ ਮੈਡੀਕਲ ਅਫ਼ਸਰ ਅਤੇ ਵੱਖ ਵੱਖ ਵਿਭਾਗਾਂ ਦੇ ਅਫ਼ਸਰ ਹਾਜ਼ਰ ਸਨ।

# ਮਲੇਰੀਆਂ ਦੀ ਰੋਕਥਾਮ ਲਈ ਸਕੂਲ ਵਿਦਿਆਰਥਣਾਂ ਦੇ ਪੇਂਟਿਗ ਮੁਕਾਬਲੇ ਕਰਵਾਏ

ਖਰੜ, 24 ਅਪ੍ਰੈਲ,ਲੋਕ ਬਾਣੀ (ਕਾਲਾ ਸਿੰਘ ਸੈਣੀ)- ਸਿਵਲ ਹਸਪਤਾਲ ਖਰੜ ਵਲੋਂ ਲਾਇਨਜ਼ ਕਲੱਬ ਖਰੜ ਸਿਟੀ ਦੇ ਸਹਿਯੋਗ ਨਾਲ ‘ਮਲੇਰੀਆ ਦੀ ਰੋਕਥਾਮ’ ਦੇ ਬੈਨਰ ਹੇਠ ਬੀ.ਐਸ.ਐਮ.ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਖਰੜ ਵਿਖੇ ਸਕੂਲ ਦੀਆਂ ਵਿਦਿਆਰਥਣਾਂ ਦੇ ਪੇਂਟਿਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਸਕੂਲ ਦੇ 9ਵੀ,10ਵੀਂ,12ਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸਿਵਲ ਹਸਪਤਾਲ ਖਰੜ ਦੇ ਐਸ.ਐਮ.ਓ. ਡਾ. ਪਰਮਿੰਦਰਜੀਤ ਸਿੰਘ ਨੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਮਲੇਰੀਆਂ ਦੇ ਬਚਾਓ ਹਿੱਤ ਬਣਾਈਆਂ ਪੇਂਟਿਗਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਬਚਾਓ ਹਿੱਤ ਜਾਣਕਾਰੀ ਦਿੱਤੀ। ਉਨ੍ਹਾਂ ਸਕੂਲ ਦੀ ਵਿਦਿਆਰਥਣ ਰਵਨੀਤ ਕੌਰ, ਦੀਪਿਕਾ ਨੇ ਪਹਿਲਾਂ, ਨੀਤੂ ਤੇ ਕਸ਼ਿਸ਼ ਨੇ ਦੂਸਰਾ,ਹਰਪ੍ਰੀਤ ਕੌਰ ਅਤੇ ਹਾਸ਼ੀਆ ਨੇ ਤੀਸਰਾ ਸਥਾਨ ਪ੍ਰਾਪਤ ਕਰਨ ਤੇ ਸਨਮਾਨਿਤ ਕੀਤਾ। ਉਨ੍ਹਾਂ ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕਲੱਬ ਵਲੋਂ ਹਮੇਸ਼ਾ ਸਿਵਲ ਹਸਪਤਾਲ ਖਰੜ ਨੂੰ ਸਮਾਜ ਸੇਵੀ ਕੰਮਾਂ ਵਿਚ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਕੂਲ ਦੇ ਮੈਨੇਜ਼ਰ ਕਰਮਜੀਤ ਸਿੰਘ ਸੋਢੀ, ਪ੍ਰਿੰਸੀਪਲ ਮਨਜੀਤ ਕੌਰ, ਰਾਜਿੰਦਰ ਬਾਂਸਲ, ਰਸ਼ਪਿੰਦਰ ਕੌਰ, ਮਨਪ੍ਰੀਤ ਕੌਰ, ਕਲੱਬ ਦੇ ਪ੍ਰੋਜੈਕਟ ਚੇਅਰਮੈਨ ਹਰਬੰਸ ਸਿੰਘ,ਪਰਮਪ੍ਰੀਤ ਸਿੰਘ, ਗੁਰਮੁੱਖ ਸਿੰਘ ਮਾਨ, ਅਵਤਾਰ ਸਿੰਘ, ਰੋਹਿਤ ਕੁਮਾਰ ਸਮੇਤ ਸਕੂਲ ਦੇ ਹੋਰ ਸਟਾਫ ਮੈਂਬਰ ਹਾਜ਼ਰ ਸਨ।






publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ ‘ਲੋਕ ਬਾਣੀ’ ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ ‘ਲੋਕ ਬਾਣੀ’ ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਯੂ.ਪੀ.: ਕਾਨਪੁਰ ‘ਚ ਅਪਰਾਧੀਆਂ ਖਿਲਾਫ ਇੰਸਪੈਕਟਰ ਸੁਨੀਲ ਸਿੰਘ ਦੀ ਸਖਤ ਮਿਹਨਤ ਸਫਲ, ਇਕ ਹੋਰ ਬਦਮਾਸ਼ ਗ੍ਰਿਫਤਾਰ

**ਫੜੇ ਗਏ ਦੋਸ਼ੀ ਦੇ ਕਬਜ਼ੇ ‘ਚੋਂ ਲੁੱਟ-ਖੋਹ ਅਤੇ ਚੋਰੀ ‘ਚ ਵਰਤਿਆ ਜਾਣ ਵਾਲਾ ਸਾਮਾਨ ਅਤੇ ਨਕਦੀ ਵੀ ਬਰਾਮਦ ਕੀਤੀ ਗਈ ਹੈ**






**ਕਾਨਪੁਰ (ਸੁਨੀਲ ਬਾਜਪਾਈ)** ਇੱਥੇ ਅਪਰਾਧੀਆਂ ਖਿਲਾਫ ਲਗਾਤਾਰ ਮੋਰਚਾ ਚਲਾ ਰਹੀ ਫਾਜ਼ਲਗੰਜ ਪੁਲਸ ਨੇ ਇਕ ਹੋਰ ਬਦਮਾਸ਼ ਨੂੰ ਗ੍ਰਿਫਤਾਰ ਕਰਨ ‘ਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਅਨੁਸਾਰ ਰੱਤੂ ਪੁਰਵਾ ਬਾਰਾਤਸ਼ਾਲਾ ਟੀ.ਪੀ. ਇਸ ਬਦਮਾਸ਼ ਮੁਹੰਮਦ ਆਸੀਕ ਉਰਫ ਮਾਈਕਲ ਪੁੱਤਰ ਮੁਹੰਮਦ ਆਜ਼ਮ ਦੇ ਕਬਜ਼ੇ ‘ਚੋਂ ਕੁੱਲ 1160/- ਰੁਪਏ ਦੀ ਲੁੱਟ ਅਤੇ ਇੱਕ ਮੋਬਾਈਲ ਅਸਲਾ, ਇੱਕ ਕਾਂਬਾ, ਇੱਕ ਛੀਨੀ, ਇੱਕ ਹਥੌੜਾ, ਇੱਕ ਪੇਚ ਅਤੇ ਦੋ ਰੈਂਚ ਵੀ ਬਰਾਮਦ ਕੀਤੇ ਗਏ ਹਨ। ਵਾਸੀ ਸਿਟੀ ਥਾਣਾ ਬਾਬੂਪੁਰਵਾ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸ਼ਰਾਰਤੀ ਅਨਸਰ ਨੂੰ ਉਸ ਸਮੇਂ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਹੋਈ ਜਦੋਂ ਅਪਰਾਧ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿਮ ਤਹਿਤ ਲੋਕ ਹਿੱਤਾਂ ਦੀ ਵਿਚਾਰਧਾਰਾ ਅਨੁਸਾਰ ਪੂਰੀ ਤਨਦੇਹੀ ਨਾਲ ਆਪਣੀ ਵਿਭਾਗੀ ਡਿਊਟੀ ਨਿਭਾਉਣ ਵਾਲੇ ਲੋਕਾਂ ਦੀ ਹਰਮਨ ਪਿਆਰੀ ਕਾਰਜਸ਼ੈਲੀ ਜਿਵੇਂ ਭੋਲੇ ਭਾਲੇ ਫਜ਼ਲਗੰਜ ਦੇ ਇੰਚਾਰਜ ਇੰਸਪੈਕਟਰ ਸੁਨੀਲ ਕੁਮਾਰ ਸਿੰਘ, ਜੋ ਕਿ ਰੱਬ ਅਤੇ ਕਿਸਮਤ ਅਰਥਾਤ ਕਰਮਾਂ ‘ਤੇ ਨਿਰਭਰ ਹਨ ਅਤੇ ਆਪਣੇ ਲੜਾਕੂ ਕੈਰੀਅਰ ਵਿਚ ਹੁਣ ਤੱਕ ਦਰਜਨਾਂ ਅਪਰਾਧੀਆਂ ਨੂੰ ਜੇਲ੍ਹ ਭੇਜ ਚੁੱਕੇ ਹਨ, ਨੂੰ ਨਹੀਂ ਬਖਸ਼ਿਆ ਜਾ ਰਿਹਾ ਹੈ। ਕੰਮ ਕਰਨ ਦੀ ਸ਼ੈਲੀ, ਮਿਹਨਤੀ, ਸ਼ਾਨਦਾਰ ਅਤੇ ਸੁਚੱਜੇ ਸੁਭਾਅ ਵਾਲੇ ਸਬ ਇੰਸਪੈਕਟਰ ਗੌਰਵ ਕੁਮਾਰ, ਰਾਮਕ੍ਰਿਸ਼ਨ ਮਿਸ਼ਰਾ, ਲੋਕੇਂਦਰ ਸਿੰਘ, ਯੂਟੀ ਸੰਜੇ ਕੁਮਾਰ ਮੌਰੀਆ ਕਾਂਸਟੇਬਲ ਨਵੀਨ ਤਵਾਨੀਆ ਅਤੇ ਕਾਰਤਿਕ ਕੁਮਾਰ ਆਦਿ ਦੇ ਨਾਲ ਗਸ਼ਤ ‘ਤੇ ਸਨ।

ਪੀੜਤਾਂ ਦੇ ਹੱਕ ਵਿੱਚ ਅਤੇ ਅਪਰਾਧੀਆਂ ਦੇ ਖਿਲਾਫ ਪ੍ਰਭਾਵਸ਼ਾਲੀ ਕਾਰਵਾਈ ਕਰਨ ਵਿੱਚ ਮੋਹਰੀ ਮੰਨੇ ਜਾਂਦੇ ਹਨ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਪਣੇ ਖਾੜਕੂ ਕਾਰਜਕਾਲ ਦੌਰਾਨ ਵਾਪਰੀਆਂ ਘਟਨਾਵਾਂ ਦਾ ਸਹੀ ਖੁਲਾਸਾ ਵੀ ਕੀਤਾ ਹੈ ਅਤੇ ਹਰ ਤਰ੍ਹਾਂ ਦੇ ਅਪਰਾਧੀਆਂ ਨੂੰ ਜੇਲ੍ਹਾਂ ਵਿੱਚ ਵੀ ਭੇਜਿਆ ਹੈ ਖਾੜਕੂ ਇੰਸਪੈਕਟਰ ਸੁਨੀਲ ਕੁਮਾਰ ਸਿੰਘ ਨੇ ਕਿਹਾ ਕਿ ਯੂਪੀ ਪੁਲਿਸ ਵਿੱਚ ਉਨ੍ਹਾਂ ਦੇ ਹੁਣ ਤੱਕ ਦੇ ਕਾਰਜਕਾਲ ਦਾ ਵਿਸ਼ਲੇਸ਼ਣ ਇਹ ਸਾਬਤ ਕਰਦਾ ਹੈ ਕਿ ਹਾਲਾਤ ਭਾਵੇਂ ਕੋਈ ਵੀ ਕਿਉਂ ਨਾ ਹੋਣ ਪਰ ਅੱਜ ਵੀ ਅਪਰਾਧੀਆਂ ਦੇ ਖਿਲਾਫ ਪ੍ਰਭਾਵਸ਼ਾਲੀ ਕਾਰਵਾਈ ਅਤੇ ਪੀੜਤਾਂ ਦੀ ਤੁਰੰਤ ਮਦਦ ਦੀ ਲੋੜ ਹੈ , ਲੋਕ ਹਿੱਤਾਂ ਦੀ ਸੇਵਾ ਨੂੰ ਸਮਰਪਿਤ ਇੰਸਪੈਕਟਰ ਸੁਨੀਲ ਕੁਮਾਰ ਸਿੰਘ ਨੇ ਆਪਣੀ ਡਿਊਟੀ ਪ੍ਰਤੀ ਲਗਨ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਅਤੇ ਹੁਣ ਲੋਕ ਸਭਾ ਚੋਣਾਂ ਦੇ ਚੁਣੌਤੀਪੂਰਨ ਮਾਹੌਲ ਵਿੱਚ ਵੀ, ਫਜ਼ਲਗੰਜ ਵਿੱਚ ਆਪਣੀ ਨਿਯੁਕਤੀ ਦੌਰਾਨ, ਸਖ਼ਤ ਮਿਹਨਤੀ ਇੰਸਪੈਕਟਰ ਸੁਨੀਲ ਕੁਮਾਰ ਸਿੰਘ ਨੇ ਇੱਕ ਲੜਾਕੂ ਰਵੱਈਆ ਰੱਖਦੇ ਹੋਏ, ਅਮਨ-ਕਾਨੂੰਨ ਅਤੇ ਸ਼ਾਂਤੀ ਦੇ ਹੱਕ ਵਿੱਚ ਅਪਰਾਧੀਆਂ ਦੇ ਵਿਰੁੱਧ ਆਪਣੀ ਸਫਲ ਅਤੇ ਪ੍ਰਭਾਵਸ਼ਾਲੀ ਮੁਹਿਮ ਨੂੰ ਜਾਰੀ ਰੱਖਿਆ ਹੈ। ਜਿਸ ਦੇ ਸਿੱਟੇ ਵਜੋਂ ਸਹੀ ਖੁਲਾਸੇ ਕਰਕੇ ਸਾਰੀਆਂ ਵਾਰਦਾਤਾਂ ਨੂੰ ਰੋਕਿਆ ਗਿਆ ਹੈ, ਕਈ ਅਪਰਾਧੀਆਂ ਨੂੰ ਜੇਲ੍ਹ ਵੀ ਭੇਜਿਆ ਗਿਆ ਹੈ।

# ਬੀਜੇਪੀ ਦੇ ਵਿਰੋਧ ਦੀ ਵਿਉਂਤਬੰਦੀ ਲਈ ਸੰਯੁਕਤ ਕਿਸਾਨ ਮੋਰਚੇ ਨੇ ਕੀਤੀ ਮੀਟਿੰਗ




ਗੁਰਦਾਸਪੁਰ -ਨਵਨੀਤ ਕੁਮਾਰ - ਸੰਯੁਕਤ ਕਿਸਾਨ ਮੋਰਚਾ ਜਿਲਾ ਗੁਰਦਾਸਪੁਰ ਦੀਆਂ ਜ਼ਿਲ੍ਹੇ ਭਰ ਦੀਆਂ ਕਿਸਾਨ ਜਥੇਬੰਦੀਆਂ ਨੇ ਕਿਸਾਨ ਮਜ਼ਦੂਰ ਵਿਰੋਧੀ ਮੋਦੀ ਸਰਕਾਰ ਦੀ ਭਾਰਤੀ ਜਨਤਾ ਪਾਰਟੀ ਦਾ ਚੋਣਾਂ ਵਿੱਚ ਵਿਰੋਧ ਕਰਨ ਦੀ ਵਿਉਂਤਬੰਦੀ ਲਈ ਇੱਕ ਭਰਵੀਂ ਮੀਟਿੰਗ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਕੀਤੀ ➧ ਮੀਟਿੰਗ ਨੂੰ ਸਤਬੀਰ ਸਿੰਘ ਸੁਲਤਾਨੀ, ਰਘਬੀਰ ਸਿੰਘ ਪਕੀਵਾਂ, ਮੱਖਣ ਸਿੰਘ ਕੁਹਾੜ, ਹਰਜੀਤ ਸਿੰਘ ਕਾਹਲੋਂ, ਤਰਲੋਕ ਸਿੰਘ ਬਹਿਰਾਮਪੁਰ,ਜਗੀਰ ਸਿੰਘ ਸਲਾਚ, ਗੁਰਵਿੰਦਰ ਸਿੰਘ ਤੇ ਮੰਗਤ ਸਿੰਘ ਜੀਵਨ ਚੱਕ, ਗੁਰਨਾਮ ਸਿੰਘ ਸਤਕੋਹਾ, ਬਲਬੀਰ ਸਿੰਘ ਬੈਂਸ, ਕੁਲਜੀਤ ਸਿੰਘ ਸਿੱਧਵਾਂ ਜਮੀਤਾਂ, ਅਜੀਤ ਸਿੰਘ ਹੁੰਦਲ,ਸੁਰਿੰਦਰ ਸਿੰਘ ਕੋਠੇ, ਰਘਬੀਰ ਸਿੰਘ ਚਾਹਲ, ਗੁਰਦਿਆਲ ਸਿੰਘ ਸੋਹਲ, ਲਖਵਿੰਦਰ ਸਿੰਘ ਮਰੜ, ਨਰਿੰਦਰ ਸਿੰਘ ਰੰਧਾਵਾ,ਪਲਵਿੰਦਰ ਸਿੰਘ ਘਰਾਲਾ ਅਵਤਾਰ ਸਿੰਘ ਠੱਠਾ, ਮੱਖਣ ਸਿੰਘ ਤਿੱਬੜ, ਮਲਕੀਅਤ ਸਿੰਘ ਬੁੱਢਾਕੋਟ,ਗੁਰਦੀਪ ਸਿੰਘ ਮੁਸਤਫਾਬਾਦ, ਗੁਰਮੀਤ ਸਿੰਘ ਥਾਣੇਵਾਲ ਆਦਿ ਨੇ ਸੰਬੋਧਨ ਕੀਤਾ➧ ਇਹ ਨੋਟ ਕੀਤਾ ਗਿਆ ਕਿ ਭਾਜਪਾ ਦੀ ਮੋਦੀ ਸਰਕਾਰ ਨੇ ਕਿਸਾਨਾਂ ਮਜਦੂਰਾਂ ਦਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ➧ ਕਿਸਾਨ ਆਪਣਾ ਲੋਕਤੰਤਰੀ ਹੱਕ ਵਰਤਦਿਆਂ ਜਦ ਆਪਣੇ ਹੱਕ ਮੰਗਣ ਲਈ ਦਿੱਲੀ ਆਪਣੇ ਦੇਸ਼ ਦੀ ਰਾਜਧਾਨੀ ਜਾਣਾ ਚਾਹੁੰਦੇ ਹਨ ਤਾਂ ਉੱਥੇ ਵੀ ਨਹੀਂ ਜਾਣ ਦਿੱਤਾ ਜਾਂਦਾ ਸਗੋਂ ਉਨਾਂ ਦੇ ਰਾਹ ਵਿੱਚ ਇਵੇਂ ਰੁਕਾਵਟਾਂ ਖੜੀਆਂ ਕੀਤੀਆਂ ਜਾਂਦੀਆਂ ਹਨ ਜਿਵੇਂ ਕਿਸਾਨ ਦੇਸ਼ ਦੇ ਦੁਸ਼ਮਣ ਹੋਣ ➧ ਐਮਐਸਪੀ,ਬਿਜਲੀ ਸੋਧ ਬਿਲ, ਦੇਸ਼ ਦੇ ਸਾਰੇ ਨਾਗਰਿਕਾਂ ਲਈ 10 ਹਜਾਰ ਮਹੀਨਾ ਪੈਨਸ਼ਨ,ਰੁਜ਼ਗਾਰ ਨੂੰ ਮੌਲਿਕ ਅਧਿਕਾਰਾਂ ਵਿੱਚ ਸ਼ਾਮਿਲ ਕਰਨ, ਲਖੀਮਪੁਰ ਖੀਰੀ ਕਿਸਾਨਾਂ ਦੇ ਕਾਤਲਾਂ ਨੂੰ ਸਜਾਵਾਂ ਦੇਣ ਆਦਿ ਕੋਈ ਵੀ ਮੰਗ ਨਹੀਂ ਮੰਨੀ ਗਈ ➧ ਇਸ ਲਈ ਉਹਨਾਂ ਦਾ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਪੁਰ ਅਮਨ ਵਿਰੋਧ ਕਰਨਾ ਲਾਜਮੀ ਹੈ ਤਾਂ ਕਿ ਉਹਨਾਂ ਨੂੰ ਮੁੜ ਸੱਤਾ ਵਿੱਚ ਆਉਣ ਤੋਂ ਰੋਕਿਆ ਜਾ ਸਕੇ ➧ ਇਹ ਵੀ ਨੋਟ ਕੀਤਾ ਗਿਆ ਕਿ ਮੋਦੀ ਸਰਕਾਰ ਘੋਰ ਫਿਰਕਾ ਪ੍ਰਸਤ ਫੈਸਲੇ ਲੈ ਰਹੀ ਹੈ ➧ ਧਰਮਾਂ ਨੂੰ ਆਪਸ ਵਿੱਚ ਲੜਾ ਕੇ ਵੋਟਾਂ ਲੈਣਾ ਚਾਹੁੰਦੀ ਹੈ ਜੋ ਵੀ ਵਿਰੋਧ ਕਰਦਾ ਹੈ ਉਸ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ ➧ ਮੋਦੀ ਸ਼ਾਹ ਨਿਰੋਲ ਹਿਟਲਰ ਸ਼ਾਹੀ ਨੀਤੀਆਂ ਤੇ ਚੱਲ ਰਹੀ ਹੈ ➧ ਇਸ ਲਈ ਇਸ ਦਾ ਵਿਰੋਧ ਕਾਰਨ ਹਿਤ ਤਹਿਸੀਲਵਾਰ ਕਮੇਟੀਆਂ ਅਤੇ ਉਨਾਂ ਦੇ ਇੰਚਾਰਜ ਬਣਾਏ ਗਏ। ਸਮੂਹ ਕਿਸਾਨਾਂ ਮਜ਼ਦੂਰਾਂ ਦੇ ਘਰਾਂ ਤੀਕ ਪਹੁੰਚ ਕਰਨ ਲਈ ਪਿੰਡ ਪਿੰਡ ਝੰਡਾ ਮਾਰਚ ਅਤੇ ਮੀਟਿੰਗਾਂ ਕਰਾਈਆਂ ਜਾਣਗੀਆਂ। ਉਮੀਦਵਾਰ ਦਿਨੇਸ਼ ਬੱਬੂ ਦਾ ਪਿੰਡਾਂ ਕਸਬਿਆਂ ਚ ਆਉਣ ਤੇ ਕਾਲੀਆਂ ਝੰਡੀਆਂ ਨਾਲ ਪੁਰ ਅਮਨ ਤਰੀਕੇ ਨਾਲ ਵਿਰੋਧ ਕੀਤਾ ਜਾਵੇਗਾ ਅਤੇ ਸਵਾਲ ਪੁੱਛੇ ਜਾਣਗੇ। ਵੱਡੀ ਗਿਣਤੀ ਵਿੱਚ ਐਸਕੇਐਮ ਦੀ ਪ੍ਰਸ਼ਨਾਂਵਲੀ ਛਾਪ ਕੇ ਪਰਚੇ ਵੰਡੇ ਜਾਣਗੇ➧ ਇਸ ਮੌਕੇ ਕਪੂਰ ਸਿੰਘ ਘੁੰਮਣ, ਬਲਪ੍ਰੀਤ ਸਿੰਘ ਪਿੰਸ ਘਰਾਲਾ,ਹਰਦੇਵ ਸਿੰਘ ਪਿੰਡੀ,ਪ੍ਰਿੰਸ ਆਦਿ ਬਹੁਤ ਸਾਰੇ ਆਗੂ ਹਾਜ਼ਰ ਸਨ।



## ਨਿਊ ਕਾਂਗਰਸ ਪਾਰਟੀ (ਐਨਸੀਪੀ) ਦੇ ਸੁਪਰੀਮੋ ਐਡਵੋਕੇਟ ਵਿਵੇਕ ਹੰਸ ਗਰਚਾ ਦੀ (ਜੇਜੇਪੀ) ਸੁਪਰੀਮੋ ਸ਼੍ਰੀ ਦੁਸ਼ਯੰਤ ਚੌਟਾਲਾ ਨਾਲ ਸ਼ਿਸ਼ਟਾਚਾਰ ਮੁਲਾਕਾਤ

ਚੰਡੀਗੜ੍ਹ, 24 ਅਪ੍ਰੈਲ, 2024 - ਨਿਊ ਕਾਂਗਰਸ ਪਾਰਟੀ (ਐੱਨ.ਸੀ.ਪੀ.) ਦੇ ਸੁਪਰੀਮੋ ਵਿਵੇਕ ਹੰਸ ਗਰਚਾ ਨੇ ਅੱਜ ਜੇਜੇਪੀ ਸੁਪਰੀਮੋ ਸ਼੍ਰੀ ਦੁਸ਼ਯੰਤ ਚੌਟਾਲਾ ਨਾਲ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ‘ਤੇ ਸ਼ਿਸ਼ਟਾਚਾਰ ਨਾਲ ਮੁਲਾਕਾਤ ਕੀਤੀ। ਵਰਨਣਯੋਗ ਹੈ ਕਿ ਐਡਵੋਕੇਟ ਵਿਵੇਕ ਹੰਸ ਗਰਚਾ ਚੰਡੀਗੜ੍ਹ ਦੇ ਉੱਘੇ ਸਮਾਜ ਸੇਵਕ ਹਨ ਅਤੇ ਹਮੇਸ਼ਾ ਹੀ ਆਮ ਲੋਕਾਂ ਅਤੇ ਗਰੀਬ ਲੋਕਾਂ ਦੇ ਮਸਲੇ ਉਠਾਉਂਦੇ ਰਹਿੰਦੇ ਹਨ।

ਇਸ ਮੌਕੇ ਜੇਜੇਪੀ ਪੰਚਕੂਲਾ ਦੇ ਸਾਬਕਾ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਓਪੀ ਸਿਹਾਗ, ਸੀਨੀਅਰ ਆਗੂ ਕੇਸੀ ਭਾਰਦਵਾਜ, ਐਡਵੋਕੇਟ ਹਰਪ੍ਰੀਤ ਸਿੰਘ, ਕਾਂਗਰਸ ਪਾਰਟੀ ਦੇ ਸਕੱਤਰ ਏ.ਬੀ ਮੰਗਲਾ, ਜਗਮੀਤ ਸਿੰਘ, ਸਲਾਹਕਾਰ ਰਾਜ ਕੁਮਾਰ ਸ਼ਰਮਾ, ਕੌਮੀ ਕਾਰਜਕਾਰਨੀ ਮੈਂਬਰ ਰਜਨੀ ਖੋਸਲਾ, ਮਹਿਲਾ ਵਿੰਗ ਦੀ ਚੇਅਰਮੈਨ ਬਬੀਤਾ ਰਾਣੀ, ਦੈਨਿਕ ਜਾਗਰਣ ਦੇ ਸਾਬਕਾ ਸੀਨੀਅਰ ਪੱਤਰਕਾਰ ਕੇਵਲ ਭਾਰਤੀ ਅਤੇ ਸੰਘੋਲ ਟਾਈਮਜ਼ ਦੇ ਸੰਪਾਦਕ ਜਤਿੰਦਰ ਪਾਲ ਸਿੰਘ ਵੀ ਹਾਜ਼ਰ ਸਨ।

# ਵਿਕਾਸ ਕਾਰਜ ਹੀ ਯੂਪੀ ਦੀਆਂ ਸਾਰੀਆਂ ਸੀਟਾਂ ‘ਤੇ ਜਿੱਤ ਦਾ ਕਾਰਨ ਹੋਣਗੇ: ਕੁੰਵਰ ਮਾਨਵੇਂਦਰ ਸਿੰਘ

## ਇਸ ਵਾਰ ਚਾਰ ਸੌ ਪਾਰ ਦਾ ਨਾਅਰਾ ਤੇਜ਼ੀ ਨਾਲ ਵਿਕਾਸ ਕਾਰਜਾਂ ਕਰਕੇ ਭਾਜਪਾ ਦੇ ਹੱਕ ‘ਚ ਜ਼ਰੂਰ ਕਾਮਯਾਬ ਹੋਵੇਗਾ

ਕਾਨਪੁਰ (ਸੁਨੀਲ ਬਾਜਪਾਈ) ਉੱਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੇ ਚੇਅਰਮੈਨ ਕੁੰਵਰ ਮਾਨਵੇਂਦਰ ਸਿੰਘ ਨੇ ਕਿਹਾ ਹੈ ਕਿ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਅਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਨਤਾ ਦੇ ਹਿੱਤ ਵਿੱਚ ਕੀਤੇ ਗਏ ਰਿਕਾਰਡ ਤੋੜ ਵਿਕਾਸ ਕਾਰਜਾਂ ਦੇ ਨਤੀਜੇ ਵਜੋਂ ਭਾਰਤੀ ਜਨਤਾ ਪਾਰਟੀ ਨੇ ਟੀਚਾ ਮਿੱਥਿਆ ਹੈ। ਉੱਤਰ ਪ੍ਰਦੇਸ਼ ‘ਚ 80 ਲੋਕ ਸਭਾ ਸੀਟਾਂ ਜਿੱਤ ਕੇ ਜ਼ਰੂਰ ਹਾਸਲ ਕਰਨਗੇ।

ਇੱਥੋਂ ਦੇ ਰਤਨ ਲਾਲ ਨਗਰ ਗੁਜੈਨੀ ਵਿੱਚ ਜ਼ਿਲ੍ਹਾ ਸਹਿਕਾਰੀ ਬੈਂਕ ਦੇ ਚੇਅਰਮੈਨ ਐਸ.ਡੀ.ਸਿੰਘ ਪਰਿਹਾਰ ਦੇ ਨਿਵਾਸ ਸਥਾਨ ‘ਤੇ ਸਵਾਲਾਂ ਦੇ ਜਵਾਬ ਦਿੰਦਿਆਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੀਅਤ ਅਨੁਸਾਰ ਸਮਾਜ ਸੇਵਾ ਦੇ ਨਾਲ-ਨਾਲ ਲੋਕ ਹਿੱਤ ਦੇ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਰਹੇ। ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਸਰਕਾਰ ਵੀ ਮੈਂ ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਪਰਉਪਕਾਰ ਦੀ ਅਸਲ ਪਰਿਭਾਸ਼ਾ ਨੂੰ ਸਮਝਣਾ ਚਾਹੁੰਦਾ ਹਾਂ ਜੋ ਦ੍ਰਿੜ ਇਰਾਦਾ, ਮਿਹਨਤੀ, ਕਾਬਲ ਅਤੇ ਹਮੇਸ਼ਾ ਹਰ ਕਿਸੇ ਦੇ ਦੁੱਖ-ਦਰਦ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੁੰਦਾ ਹੈ, ਜੋ ਹਉਮੈ ਤੋਂ ਮੁਕਤ ਹੁੰਦਾ ਹੈ। ਅਮੀਰ ਅਤੇ ਯੋਗ ਲੋਕਾਂ ਦੀ ਹਰ ਸੰਭਵ ਮਦਦ ਕਰਦੇ ਹਨ,




ਜੋ ਕਿ ਇੱਕ ਤਿੱਖੇ ਅਤੇ ਵਿਹਾਰਕ ਅਤੇ ਜੁਝਾਰੂ ਰਵੱਈਏ ਵਾਲੇ ਇੱਕ ਤਿੱਖੇ ਸਮਾਜ ਸੇਵਕ ਹਨ, ਨੇ ਇਹ ਵੀ ਦਾਅਵਾ ਕੀਤਾ ਕਿ ਚੱਲ ਰਹੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਨਾ ਸਿਰਫ ਭਾਰਤੀ ਜਨਤਾ ਦੀ ਮਦਦ ਕਰਨਗੇ। ਪਾਰਟੀ 400 ਦਾ ਅੰਕੜਾ ਪਾਰ ਕਰ ਲਵੇਗੀ ਪਰ ਨਾਲ ਹੀ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਏਗੀ।

ਭਾਰਤੀ ਜਨਤਾ ਪਾਰਟੀ ਨੂੰ ਲਗਾਤਾਰ ਮਜ਼ਬੂਤ ??ਕਰਨ ਦੇ ਨਾਲ-ਨਾਲ ਸ਼ੁਰੂ ਤੋਂ ਹੀ ਜਨਤਕ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮੋਹਰੀ ਅਤੇ ਕੁਸ਼ਲ ਹੋਣ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਵਿਧਾਨ ਸਭਾ ਵਿੱਚ ਹਰ ਜਾਤ, ਹਰ ਧਰਮ ਅਤੇ ਹਰ ਵਰਗ ਦੇ ਲੋਕਾਂ ‘ਤੇ ਮਜ਼ਬੂਤ ??ਪਕੜ ਰੱਖਣ ਵਾਲਾ ਇੱਕ ਪ੍ਰਚੰਡ ਅਤੇ ਪਰਉਪਕਾਰੀ ਵਿਅਕਤੀ ਰਿਹਾ ਹੈ। ਕੌਂਸਲ ਦੇ ਚੇਅਰਮੈਨ ਚੁਣੇ ਗਏ, ਸੀਨੀਅਰ ਭਾਜਪਾ ਆਗੂ ਕੁੰਵਰ ਮਾਨਵੇਂਦਰ ਸਿੰਘ ਨੇ ਵੀ ਯੋਗੀ ਆਦਿੱਤਿਆਨਾਥ ਨੂੰ ਉੱਤਰ ਪ੍ਰਦੇਸ਼ ਦੇ ਹਿੱਤ ਵਿੱਚ ਸਰਵੋਤਮ ਮੁੱਖ ਮੰਤਰੀ ਅਤੇ ਨਰਿੰਦਰ ਮੋਦੀ ਨੂੰ ਭਾਰਤ ਦੇ ਹਿੱਤ ਵਿੱਚ ਸਰਵੋਤਮ ਪ੍ਰਧਾਨ ਮੰਤਰੀ ਦੱਸਿਆ।

ਯੂਪੀ ਵਿਧਾਨ ਪ੍ਰੀਸ਼ਦ ਦੇ ਚੇਅਰਮੈਨ ਕੁੰਵਰ ਮਾਨਵੇਂਦਰ ਸਿੰਘ, ਜਿਨ੍ਹਾਂ ਦਾ ਸਾਦਾ ਅਤੇ ਨਿਮਰ ਸੁਭਾਅ ਅਤੇ ਲੜਾਕੂ ਰਵੱਈਆ ਹੈ, ਨੇ ਇਹ ਵੀ ਦਾਅਵਾ ਕੀਤਾ ਕਿ ਜਿਸ ਤਰ੍ਹਾਂ ਯੋਗੀ ਸਰਕਾਰ ਨੇ ਅਪਰਾਧੀਆਂ ਅਤੇ ਮਾਫੀਆ ਦੇ ਖਿਲਾਫ ਪ੍ਰਭਾਵਸ਼ਾਲੀ ਕਾਰਵਾਈ ਕਰਕੇ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ ਲੋਕ ਭਲਾਈ ਦੇ ਵਿਕਾਸ ਕਾਰਜ ਕੀਤੇ ਹਨ, ਇਸ ਨਾਲ ਨੇ ਆਮ ਜਨਤਾ ਨੂੰ ਰਾਹਤ ਦਿੱਤੀ ਹੈ। ਨਤੀਜੇ ਵਜੋਂ, ਭਾਜਪਾ ਯਕੀਨੀ ਤੌਰ ‘ਤੇ ਯੂਪੀ ਵਿਚ 80 ਸੀਟਾਂ ਜਿੱਤਣ ਦਾ ਟੀਚਾ ਹਾਸਲ ਕਰੇਗੀ। ਇਸ ਦੌਰਾਨ ਜ਼ਿਲ੍ਹਾ ਸਹਿਕਾਰੀ ਬੈਂਕ ਦੇ ਪ੍ਰਧਾਨ ਅਤੇ ਭਾਜਪਾ ਦੇ ਸੀਨੀਅਰ ਆਗੂ ਐਸ.ਡੀ.ਸਿੰਘ ਪਰਿਹਾਰ ਜੋ ਕਿ ਪਾਰਟੀ ਦੇ ਹਿੱਤ ਵਿੱਚ ਲਗਾਤਾਰ ਸਰਗਰਮੀ ਅਤੇ ਤਨਦੇਹੀ ਨਾਲ ਜਾਣੇ ਜਾਂਦੇ ਹਨ, ਨੇ ਵੀ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।

# ਡਾ.ਬਲਰਾਮ ਸ਼ਰਮਾ ਭਾਰਤ ਦੇ ਗੌਰਵਸ਼ਾਲੀ ਪੁਰਸਕਾਰ ਜੀ.ਐਸ.ਐਲ.ਸੀ. ਐਜੂਕਾਨ ਅਵਾਰਡ 2024 ਨਾਲ ਸਨਮਾਨਿਤ

ਖੰਨਾ -ਸਿੱਖਿਆ ਦੇ ਖੇਤਰ ਵਿੱਚ ਕਾਰਜਸ਼ੀਲ ਵਿਸ਼ਵ ਪੱਧਰ ਦੀ ਸੰਸਥਾ ਗਲੋਬਲ ਸਕੂਲ ਲੀਡਰਜ਼ ਕਨਸੋਰਟੀਅਮ (ਜੀ.ਐਸ.ਐਲ.ਸੀ) ਵੱਲੋਂ ਸਮੁੱਚੇ ਭਾਰਤ ਵਿੱਚੋਂ 100 ਤੋਂ ਵੱਧ ਸਕੂਲ ਲੀਡਰਜ਼ ਨੂੰ ਐਜੂਕਾਨ ਅਵਾਰਡ 2024 ਪ੍ਰਦਾਨ ਕੀਤਾ ਗਿਆ। ਸੰਸਥਾ ਵੱਲੋਂ ਇਹ ਪੁਰਸਕਾਰ ਸਿੱਖਿਆ ਜਗਤ ਦੀ ਬਹੁਪੱਖੀ ਸਖਸ਼ੀਅਤ , ਸਿੱਖਿਆ ਨਾਲ ਸਬੰਧਤ ਹਰ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਖੰਨਾ ਸ਼ਹਿਰ ਦੇ ਵਸਨੀਕ ਨੈਸ਼ਨਲ ਅਵਾਰਡੀ ਅਧਿਆਪਕ ਡਾ. ਬਲਰਾਮ ਸ਼ਰਮਾ (ਸਕੂਲ ਮੁਖੀ, ਸਰਕਾਰੀ ਮਿਡਲ ਸਮਾਰਟ ਸਕੂਲ ਰਾਮਗੜ੍ਹ, ਨਵਾਂ ਪਿੰਡ) ਨੂੰ ਉਹਨਾਂ ਦੀ ਵਿਦਿਆਕ ਯੋਗਤਾ ਅਤੇ ਸਿੱਖਿਆ ਦੇ ਖੇਤਰ ਵਿੱਚ ਪਾਏ ਵਿਲੱਖਣ ਯੋਗਦਾਨ ਲਈ ਲੀਲਾ ਐਮਬੀਐਂਸ ਗੁਰੂਗ੍ਰਾਮ ਵਿਖੇ ਪ੍ਰਦਾਨ ਕੀਤਾ ਗਿਆ। ਇਸ ਸਨਮਾਨ ਲਈ ਭਾਰਤ ਦੇ ਪ੍ਰਸਿੱਧ ਸਕੂਲਾਂ ਦੇ ਪ੍ਰਸਿੱਧ ਸਕੂਲ ਲੀਡਰਜ਼ ਨੂੰ ਚੁਣਿਆ ਗਿਆ ਸੀ ਜਿਸ ਵਿੱਚ ਡਾ. ਬਲਰਾਮ ਸ਼ਰਮਾ ਸਰਕਾਰੀ ਸਕੂਲਾਂ ਦੇ ਵਿਚੋਂ ਕੇਵਲ ਇੱਕੋ ਅਧਿਆਪਕ ਸਨ। ਵਰਨਣਯੋਗ ਹੈ ਕਿ ਡਾ.ਬਲਰਾਮ ਸ਼ਰਮਾ ਨੂੰ 2008 ਵਿੱਚ ਰਾਜ ਪੁਰਸਕਾਰ , 2013 ਵਿੱਚ ਮਾਨਯੋਗ ਰਾਸ਼ਟਰਪਤੀ ਜੀ ਵੱਲੋਂ ਰਾਸ਼ਟਰੀ ਪੁਰਸਕਾਰ , 2019 ਵਿੱਚ ਐਨ.ਸੀ.ਈ.ਆਰ.ਟੀ. ਵੱਲੋਂ ਰਾਸ਼ਟਰੀ ਪੁਰਸਕਾਰ , 2023 ਵਿੱਚ ਏ.ਜੇ.ਪੀ. ਅਬਦੁਲ ਕਲਾਮ ਪੁਰਸਕਾਰ ਅਤੇ ਏ.ਐਮ.ਪੀ. ਵੱਲੋਂ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਡਾ. ਸ਼ਰਮਾ ਨੂੰ ਇਹ ਪੁਰਸਕਾਰ ਮਿਲਣ ਤੇ ਮਾਨਵ ਕਲਿਆਣ ਮਿਸ਼ਨ ਪੰਜਾਬ ਦੇ ਚੇਅਰਮੈਨ ਸੰਤ ਬਾਬਾ ਕਰਨੈਲ ਸਿੰਘ , ਨਰ ਸੇਵਾ ਨਰਾਇਣ ਸੇਵਾ ਦੇ ਪ੍ਰਧਾਨ ਚੰਦਨ ਸਿੰਘ ਨੇਗੀ , ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ , ਪਦਮ ਸ਼੍ਰੀ ਡਾ. ਸੁਰਜੀਤ ਪਾਤਰ , ਡਾ. ਸਤੀਸ਼ ਕੁਮਾਰ ਵਰਮਾ , ਡਾ. ਕੁਲਦੀਪ ਸਿੰਘ ਦੀਪ , ਡਾ. ਅਮਰਿੰਦਰ ਸਿੰਘ , ਡਾ. ਜੇ.ਐਸ. ਖੰਨਾ ਡਾ. ਨਦੀਮ ਅਹਿਮਦ ਨਦੀਮ , ਡਾ. ਹਰੀ ਸਿੰਘ ਜਾਚਕ , ਉੱਘੇ ਸਮਾਜ ਸੇਵੀ ਅਮਰਿੰਦਰ ਸਿੰਘ ਚਹਿਲ , ਕਰਮਜੀਤ ਸਿੰਘ ਗਰੇਵਾਲ ਮੈਂਬਰ ਪ੍ਰਬੰਧਕੀ ਬੋਰਡ ਪੰਜਾਬੀ ਸਾਹਿਤ ਅਕਾਦਮੀ



ਲੁਧਿਆਣਾ , ਸੋਹਣ ਲਾਲ ਜਨਰਲ ਸਕੱਤਰ ਨੈਸ਼ਨਲ ਅਵਾਰਡੀ ਟੀਚਰਜ਼ ਐਸੋਸੀਏਸ਼ਨ ਪੰਜਾਬ , ਨਵਯੁਗ ਲਿਖਾਰੀ ਸਭਾ ਖੰਨਾ ਦੇ ਪ੍ਰਧਾਨ ਲਾਭ ਸਿੰਘ ਰੌਣੀ , ਡਾ. ਰਜਿੰਦਰ ਸਿੰਘ , ਸੁਖਦੇਵ ਰਾਮ ਸੁੱਖੀ , ਬੀਐਨਓ ਬਲਜੀਤ ਸਿੰਘ , ਵਿਸ਼ਾਲ ਵਸ਼ਿਸ਼ਟ, ਰਾਜੇਸ਼ ਕੁਮਾਰ ਫੁੱਲ, ਆਦਰਸ਼ ਕੁਮਾਰ, ਜਤਿੰਦਰ ਸ਼ਰਮਾ, ਸੰਜੀਵ ਮੌਦਗਿਲ (ਸਾਰੇ ਪ੍ਰਿੰਸੀਪਲ), ਕੁਲਜਿੰਦਰ ਕੌਰ ਚੇਅਰਪਰਸਨ ਐਸ. ਐਮ.ਸੀ. ਰਾਮਗੜ੍ਹ ਨਵਾਂ ਪਿੰਡ , ਕਪਿਲ ਦੇਵ ਸੋਨੀ , ਰਾਜਨ ਕੈਂਥ , ਦਵਿੰਦਰ ਕੁਮਾਰ , ਹਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਧਾਰਮਿਕ, ਸਾਹਿਤਕ, ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਮੁਬਾਰਕਬਾਦ ਦਿੱਤੀ ਹੈ। ਇਸ ਮੌਕੇ ਸਮਾਜ ਸੇਵੀ ਦੀਪਕ ਵਰਮਾ ਅਤੇ ਮੁਕੇਸ਼ ਸਿੰਘੀ ਨੇ ਖੰਨਾ ਵਾਸੀ ਡਾ.ਬਲਰਾਮ ਸ਼ਰਮਾ ਨੂੰ ਅਜਿਹਾ ਵੱਕਾਰੀ ਪੁਰਸਕਾਰ ਮਿਲਣਾ ਖੰਨਾ ਇਲਾਕੇ ਲਈ ਬਹੁਤ ਵੱਡੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਸਾਨੂੰ ਅਜਿਹੀਆਂ ਸਖਸ਼ੀਅਤਾਂ ਦਾ ਖੰਨਾ ਦੀਆਂ ਸਮਾਜ ਸੇਵੀ ਸੰਸਥਾਵਾਂ ਵਲੋਂ ਵੀ ਸਨਮਾਨ ਕਰਨਾ ਚਾਹੀਦਾ ਹੈ।



# ਟ੍ਰੈਫਿਕ ਸਿੱਖਿਆ ਸੈੱਲ ਮੋਗਾ ਵੱਲੋ ਜਾਗਰੂਕ ਕੈਂਪ ਲਗਾਇਆ

ਮੋਗਾ, - ਅੱਜ ਸੀਨੀਅਰ ਕਪਤਾਨ ਪੁਲਿਸ ਮੋਗਾ ਦੇ ਦਿਸ਼ਾ ਨਿਰਦੇਸ਼ ਹੇਠ ਅਤੇ ਜੋਰਾ ਸਿੰਘ ਕਾਗੜਾ ਡੀ ਐੱਸ ਪੀ ਟ੍ਰੈਫਿਕ ਮੋਗਾ ਦੀ ਰਹਿਨੁਮਾਈ ਹੇਠ ਟਾਟਾ 407 ਯੂਨੀਅਨ ਮੋਗਾ ਦੇ ਡਰਾਈਵਰਾਂ ਨੂੰ ਨਸ਼ਿਆ ਤੋਂ ਦੂਰ ਰਹਿਣ, ਦੋ ਪਹੀਆ ਵਾਹਨ ਚਲਾਉਦੇ ਸਮੇ ਹੈਲਮੇਟ ਦੀ ਵਰਤੋ ਕਰਨ,ਸੀਟ ਬੈਲਟ ਦੀ ਵਰਤੋ ਕਰਨ, ਜਿਆਦਾ ਸਪੀਡ ਤੇ ਵਹੀਕਲ ਨਾ ਚਲਾਉਣ, ਟ੍ਰੈਫਿਕ ਨਿਯਮਾ ਦੀ ਪਾਲਨਾ ਕਰਨ, ਵਹੀਕਲਾਂ ਦੇ ਕਾਗਜ਼ਾਤ ਪੂਰੇ ਰੱਖਣ ਅਤੇ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸਬੰਧੀ ਜਾਗਰੂਕ ਕੀਤਾ ਗਿਆ। ਇਸ ਜਾਗਰੂਕ ਕੈਂਪ ਨੂੰ ਸਹਾਇਕ ਥਾਣੇਦਾਰ ਕੇਵਲ ਸਿੰਘ ਇੰਚਾਰਜ ਟ੍ਰੈਫਿਕ ਸਿੱਖਿਆ ਸੈੱਲ ਮੋਗਾ ਨੇ ਸੰਬੋਧਨ ਕੀਤਾ। ਟ੍ਰੈਫਿਕ ਸਿੱਖਿਆ ਸੈੱਲ ਮੋਗਾ ਨੇ ਸਭ ਨੂੰ ਆਪਣੇ ਆਪਣੇ ਵਹੀਕਲਾਂ ਤੇ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਗਵਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਹੈਡਕਾਂਸਟੇਬਲ ਸੁਖਜਿੰਦਰ ਸਿੰਘ ਟਰੈਫਿਕ ਸਿੱਖਿਆ ਸੈੱਲ ਮੋਗਾ ਅਤੇ ਸਮੂਹ ਡਰਾਈਵਰ ਵੀਰ ਹਾਜ਼ਰ ਸਨ।

# ਕਾਂਗਰਸ ਅਤੇ ਇਸ ਦੇ ਗਠਜੋੜ ਦੀ ਨਜ਼ਰ ਹੁਣ ਤੁਹਾਡੀ ਕਮਾਈ ਅਤੇ ਜਾਇਦਾਦ ਤੇ : ਕਰਨਲ ਧਾਲੀਵਾਲ

ਜਗਰਾਉਂ - 60 ਸਾਲਾਂ ਤੋਂ ਕਾਂਗਰਸ ਨੇ ਤੁਸ਼ਟੀਕਰਨ ਦੀ ਰਾਜਨੀਤੀ ਨੂੰ ਚੋਣਾਂ ਜਿੱਤਣ ਦਾ ਹਥਿਆਰ ਬਣਾ ਲਿਆ ਹੈ। ਅਸੀਂ ਸਾਲਾਂ ਤੋਂ ਇਸ ਵਿਰੁੱਧ ਲੜ ਰਹੇ ਸੀ । 2014 ਤੋਂ ਪ੍ਰਧਾਨ ਮੰਤਰੀ ਸ ਨਰੇਂਦਰ ਮੋਦੀ ਨੇ ਦੇਸ਼ ਵਿੱਚ ਵਿਕਾਸ ਦਾ ਏਜੰਡਾ ਤੈਅ ਕੀਤਾ ਹੈ, ਜਿਸ ਤੋਂ ਬਾਅਦ ਕਾਂਗਰਸ ਲਗਾਤਾਰ ਹਾਰ ਰਹੀ ਹੈ। ਹੁਣ ਕਾਂਗਰਸ ਇਕ ਵਾਰ ਫਿਰ ਤੁਸ਼ਟੀਕਰਨ ਦੇ ਆਧਾਰ ਤੇ ਅੱਗੇ ਵਧਣਾ ਚਾਹੁੰਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਜ਼ਿਲ੍ਹਾ ਪ੍ਰਧਾਨ ਰਿਟਾਇਰ ਕਰਨਲ ਇੰਦਰਪਾਲ ਸਿੰਘ ਧਾਲੀਵਾਲ ਨੇ ਬੁੱਧਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨਾਂ ਨੇ ਕਾਂਗਰਸ ਤੇ ਹਮਲਾ ਬੋਲਦਿਆਂ ਕਿਹਾ ਕਿ ਕਾਂਗਰਸ ਅਤੇ ਭਾਰਤੀ ਗਠਜੋੜ ਦੀ ਨਜ਼ਰ ਹੁਣ ਤੁਹਾਡੀ ਕਮਾਈ ਤੇ ਹੈ।ਤੁਹਾਡੀ ਜਾਇਦਾਦ ਤੇ ਹੈ। ਕਾਂਗਰਸ ਤੁਹਾਡੀ ਜਾਇਦਾਦ ਤੇ ਆਪਣੇ ਪੰਜੇ ਜਮਾਉਣਾ ਚਾਹੁੰਦੀ ਹੈ।ਇਨ੍ਹਾਂ ਪਰਿਵਾਰ ਆਧਾਰਿਤ ਲੋਕਾਂ ਨੇ ਦੇਸ਼ ਨੂੰ ਲੁੱਟਿਆ ਅਤੇ ਅਜਿਹਾ ਸਾਮਰਾਜ ਬਣਾਇਆ ਹੈ ਕਿ ਇਨ੍ਹਾਂ ਨੇ ਦੇਸ਼ ਨੂੰ ਕੁਝ ਨਹੀਂ ਦਿੱਤਾ।ਜਨਤਾ ਦਾ ਪੈਸਾ ਲੁੱਟਣਾ ਅਤੇ ਦੇਸ਼ ਨੂੰ ਲੁੱਟਣਾ ਕਾਂਗਰਸ ਆਪਣਾ ਜਨਮਸਿੱਧ ਅਧਿਕਾਰ ਸਮਝਦੀ ਹੈ। ਨੌਕਰੀਪੇਸ਼ਾ ਲੋਕਾਂ ਵੱਲੋਂ ਆਪਣੇ ਬੱਚਿਆਂ ਦੇ ਭਵਿੱਖ ਲਈ ਬਣਾਈਆਂ ਐਫ.ਡੀ. ਕਾਂਗਰਸੀ ਲੋਕ ਉਸ ਦੀ ਵੀ ਜਾਂਚ ਕਰਵਾਉਣ ਦੀ ਗੱਲ ਕਰ ਰਹੇ ਹਨ। ਕਾਂਗਰਸ ਆਪਣਾ ਸਰਵੇਖਣ ਕਰੇਗੀ ਫਿਰ ਕਾਂਗਰਸ ਇਸ ਤਰ੍ਹਾਂ ਸਰਕਾਰ ਦੇ ਨਾਂ ਤੇ ਕਬਜ਼ਾ ਕਰੇਗੀ । ਇਹ ਤੁਹਾਡੀ ਜਾਇਦਾਦ ਖੋਹ ਕੇ ਵੰਡਣ ਦੀ ਗੱਲ ਕਰ ਰਹੀ ਹੈ।ਧਾਲੀਵਾਲ ਨੇ ਕਿਹਾ ਕਿ ਕਾਂਗਰਸੀ ਤਾਂ ਇੱਥੋਂ ਤੱਕ ਚਲੇ ਜਾਣਗੇ ਕਿ ਤੁਹਾਡੇ ਪਿੰਡ ਵਿੱਚ ਜੱਦੀ ਘਰ ਹੈ ਤਾਂ ਇਹ ਲੋਕ ਦੇ ਘਰ ਕਹਿ ਕੇ ਖੋਹ ਲੈਣਗੇ। ਕਾਂਗਰਸੀ ਲੋਕ ਕਹਿਣਗੇ ਕਿ ਪਿੰਡ ਵਿੱਚ ਤੁਹਾਡਾ ਪਹਿਲਾਂ ਹੀ ਘਰ ਹੈ।ਉਨ੍ਹਾਂ ਦੀ ਸੋਚ ਮਾਓਵਾਦੀਆਂ ਅਤੇ ਕਮਿਊਨਿਸਟਾਂ ਵਰਗੀ ਹੈ।ਕਾਂਗਰਸ ਅਤੇ ਭਾਰਤ ਗਠਜੋੜ ਇਸ ਨੂੰ ਭਾਰਤ ਵਿੱਚ ਲਾਗੂ ਕਰਨਾ ਚਾਹੁੰਦੇ ਹਨ।ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਹੀ ਕਿਹਾ ਹੈ। ਇਹ ਕਾਂਗਰਸ ਦੀ ਨੀਤੀ ਅਤੇ ਉਨ੍ਹਾਂ ਦੇ ਚੋਣ ਮਨੋਰਥ ਪੱਤਰ ਦਾ ਲੁਕਵਾਂ ਏਜੰਡਾ ਹੈ। ਕਾਂਗਰਸ ਦਾ ਮੈਨੀਫੈਸਟੋ 2024 ਸਪੱਸ਼ਟ ਹੈ।ਇਸ ਵਿਚ ਵਿਸ਼ੇਸ਼ ਤੌਰ ਤੇ ਕਿਹਾ ਗਿਆ ਹੈ ਕਿ ਕਾਂਗਰਸ ਜਾਤਾਂ ਅਤੇ ਉਪ-ਜਾਤੀਆਂ ਅਤੇ ਉਨ੍ਹਾਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ ਦੀ ਗਿਣਤੀ ਕਰਨ ਲਈ ਦੇਸ਼ ਵਿਆਪੀ ਸਮਾਜਿਕ- ਆਰਥਿਕ ਅਤੇ ਜਾਤੀ ਜਨਗਣਨਾ ਕਰਵਾਏਗੀ। ਅੰਕੜਿਆਂ ਦੇ ਆਧਾਰ ਤੇ ਸਕਾਰਾਤਮਕ ਕਾਰਵਾਈ ਦੇ ਏਜੰਡੇ ਨੂੰ ਮਜ਼ਬੂਤ ਕੀਤਾ ਜਾਵੇਗਾ।ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਬਹੁਮਤਵਾਦ ਲਈ ਕੋਈ ਥਾਂ ਨਹੀਂ ਹੈ। ਧਾਲੀਵਾਲ ਨੇ ਕਿਹਾ ਕਿ ਕਾਂਗਰਸ ਦੇ ਮੈਨੀਫੈਸਟੋ ਵਿੱਚ ਇਹ ਦਿਨ ਦੀ ਰੋਸ਼ਨੀ ਵਾਂਗ ਸਪੱਸ਼ਟ ਹੈ ਕਿ ਕਾਂਗਰਸ ਸਾਡੀ ਜਾਇਦਾਦ,ਗਰੀਬਾਂ ਅਤੇ ਹਾਸ਼ੀਏ ਤੇ ਪਏ ਲੋਕਾਂ ਦੀ



ਜਾਇਦਾਦ, ਐਸਸੀ, ਐਸਟੀ, ਔਰਤਾਂ ਦੀ ਬੱਚਤ ਨੂੰ ਖੋਹਣਾ ਚਾਹੁੰਦੀ ਹੈ ਅਤੇ ਇਸਨੂੰ ਖਾਸ ਤੌਰ ਤੇ ਘੱਟ ਗਿਣਤੀਆਂ ਵਿੱਚ ਵੰਡਣਾ ਚਾਹੁੰਦੀ ਹੈ, ਜਿਵੇਂ ਕਿ ਕਾਂਗਰਸ ਯੂਪੀਏ ਦੇ ਅਧੀਨ ਕਰਨਾ ਚਾਹੁੰਦੀ ਹੈ । ਧਾਲੀਵਾਲ ਨੇ ਕਿਹਾ ਕਿ ਕਾਂਗਰਸ ਪਹਿਲਾਂ ਵੀ ਅਜਿਹਾ ਕਰ ਚੁੱਕੀ ਹੈ। 1960 ਅਤੇ 1970 ਦੇ ਦਹਾਕੇ ਵਿੱਚ ਕਾਂਗਰਸ ਸਰਕਾਰਾਂ ਨੇ ਭਾਰਤੀਆਂ ਨੂੰ ਆਪਣੀ ਕਮਾਈ ਦਾ ਇੱਕ ਹਿੱਸਾ ਸਰਕਾਰ ਕੋਲ ਜਮ੍ਹਾ ਕਰਨ ਲਈ ਮਜ਼ਬੂਰ ਕਰਨ ਵਾਲੇ ਕਾਨੂੰਨ ਪਾਸ ਕੀਤੇ। ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰਾਂ ਨੇ ਲੋਕਾਂ ਦੀ ਕਮਾਈ ਨੂੰ ਜ਼ਬਤ ਕਰਨ ਲਈ 1963 ਅਤੇ 1974 ਵਿੱਚ ਇਸੇ ਤਰ੍ਹਾਂ ਦੇ ਕਾਨੂੰਨ ਪਾਸ ਕੀਤੇ ਸਨ।ਇਸ ਦਾ ਨਾਂ ਕੰਪਲਸਰੀ ਡਿਪਾਜ਼ਿਟ ਸਕੀਮ ਐਕਟ ਸੀ।ਇਸ ਤਹਿਤ ਸਾਰੇ ਟੈਕਸਦਾਤਾਵਾਂ ਜਾਇਦਾਦ ਧਾਰਕਾਂ ਅਤੇ ਸਰਕਾਰੀ ਕਰਮਚਾਰੀਆਂ ਨੂੰ ਆਪਣੀ ਕਮਾਈ ਦਾ 18 ਫੀਸਦੀ ਸਰਕਾਰ ਕੋਲ ਜਮ੍ਹਾ ਕਰਵਾਉਣਾ ਸੀ।ਜਮ੍ਹਾਂ ਰਕਮ 3- 5 ਸਾਲ ਤੱਕ ਸਰਕਾਰੀ ਖ਼ਜ਼ਾਨੇ ਵਿੱਚ ਪਈ ਰਹੀ। ਹੈਰਾਨੀ ਦੀ ਗੱਲ ਹੈ ਕਿ ਜਦੋਂ ਇਹ ਕਾਨੂੰਨ 1974 ਵਿੱਚ ਲਿਆਂਦਾ ਗਿਆ ਸੀ ਤਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਮੁੱਖ ਆਰਥਿਕ ਸਲਾਹਕਾਰ ਹੁੰਦੇ ਸਨ।ਜਿੱਥੇ ਅੱਜ ਦੀ ਸਰਕਾਰ ਲੋਕਾਂ ਦੀ ਕਮਾਈ ਵਧਾ ਕੇ ਦੇਸ਼ ਦਾ ਵਿਕਾਸ ਕਰਨਾ ਚਾਹੁੰਦੀ ਹੈ, ਉੱਥੇ ਹੀ ਕਾਂਗਰਸ ਸਰਕਾਰਾਂ ਲੋਕਾਂ ਦੀ ਕਮਾਈ ਨੂੰ ਜ਼ਬਤ ਕਰਕੇ ਦੇਸ਼ ਦਾ ਵਿਕਾਸ ਕਰਨਾ ਚਾਹੁੰਦੀਆਂ ਹਨ।ਇਨ੍ਹਾਂ ਕਾਨੂੰਨਾਂ ਤਹਿਤ ਸਰਕਾਰ ਨੂੰ ਇਹ ਵੀ ਤੈਅ ਕਰਨ ਦਾ ਅਧਿਕਾਰ ਸੀ ਕਿ ਕਿਸ ਦਾ ਪੈਸਾ ਕਿੰਨੇ ਦਿਨਾਂ ਲਈ ਰੱਖਿਆ ਜਾਵੇ ਅਤੇ ਕਦੋਂ ਕਿਸ ਨੂੰ ਵਾਪਸ ਕੀਤਾ ਜਾਵੇ। ਇਸ ਮੌਕੇ ਜਿਲਾ ਮਹਾ ਮੰਤਰੀ ਡਾ. ਰਜਿੰਦਰ ਸ਼ਰਮਾ,ਮੰਡਲ ਪ੍ਰਧਾਨ ਟੋਨੀ ਵਰਮਾ, ਸੁਮਿਤ ਅਰੋੜਾ, ਰਾਜ ਵਰਮਾ ਹਾਜ਼ਰ ਸਨ

# ਵਿਸ਼ਵ ਟੀਕਾਕਰਣ ਹ.ਫ਼ਤੇ ਤਹਿਤ ਸਪੈਸ਼ਲ ਟੀਕਾਕਰਣ ਮੁਹਿੰਮ ਦਾ ਆਗਾਜ਼ : ਡਾ.ਗੁਰਪ੍ਰੀਤ ਕੰਬੋਜ਼

ਗੁਰੂਹਰਸਹਾਏ -ਸਿਵਲ ਸਰਜਨ ਫਿਰੋਜ਼ਪੁਰ ਡਾ. ਮੀਨਾਕਸ਼ੀ ਢੀਂਗਰਾ ਅਤੇ ਡਾ.ਇੰਦੂ ਬਾਲਾ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਗੁਰੂਹਰਸਹਾਏ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਗੁਰੂਹਰਸਹਾਏ ਵਿੱਚ ਵਿਸ਼ਵ ਟੀਕਾਕਰਣ ਹ.ਫ਼ਤੇ ਤਹਿਤ ਸਪੈਸ਼ਲ ਟੀਕਾਕਰਣ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਗੁਰਪ੍ਰੀਤ ਕੰਬੋਜ਼ ਓਰਲ ਐਂਡ ਮੈਗਸੀਲੋਫੈਸੀਅਲ ਸਰਜਨ ਕਮ ਟੀਕਾਕਰਣ ਨੋਡਲ ਅਫਸਰ ਸੀਐੱਚਸੀ ਗੁਰੂਹਰਸਹਾਏ ਨੇ ਜਾਣਕਾਰੀ ਦਿੱਤੀ ਕਿ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਸਿਹਤ ਵਿਭਾਗ ਵਲੋਂ ਸਪੈਸ਼ਲ ਕੈਂਪਾਂ ਰਾਹੀ 24 ਅਪ੍ਰੈਲ ਤੋਂ 30 ਅਪ੍ਰੈਲ ਤੱਕ ਵਿਸ਼ਵ ਟੀਕਾਕਰਣ ਹ.ਫ਼ਤਾ ਮਨਾਇਆ ਜਾ ਰਿਹਾ ਹੈ। ਸਪੈਸ਼ਲ ਟੀਕਾਕਰਣ ਕੈਂਪ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਦੁਆਰਾ ਪੂਰੇ ਬਲਾਕ ਦੇ ਏਰੀਆ ਵਿਸੇਸ਼ ਤੌਰ ਤੇ ਸਲੱਮ ਏਰੀਆ, ਝੁੱਗੀਆਂ-ਝੋਪੜੀਆਂ, ਭੱਠੇ ਆਦਿ ਹਾਈ ਰਿਸਕ ਏਰੀਆ ਕਵਰ




ਕੀਤੇ ਜਾ ਰਹੇ ਹਨ।ਇਸ ਤਹਿਤ ਜਨਮ ਤੋਂ 16 ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਣ ਕੀਤਾ ਜਾ ਰਿਹਾ ਹੈ ਤਾਂ ਜੋ ਕੋਈ ਵੀ ਲਾਭਪਾਤਰੀ ਟੀਕਾਕਰਣ ਤੋਂ ਵਾਂਝਾ ਨਾ ਰਹੇ। ਸਿਹਤ ਵਿਭਾਗ ਵੱਲੋਂ ਟੀਕਾਕਰਣ ਮੁਫਤ ਕੀਤਾ ਜਾਂਦਾ ਹੈ। ਇਹ ਬੱਚਿਆਂ ਨੂੰ ਕਈ ਮਾਰੂ ਰੋਗ ਜਿਵੇਂ ਟੀਬੀ, ਕਾਲਾ ਪੀਲੀਆ, ਦਿਮਾਗੀ ਬੁਖ਼ਾਰ, ਗਲਘੋਟੂ, ਕਾਲੀ ਖੰਘ, ਨਿਮੋਨੀਆ, ਦਸਤ ਰੋਗ, ਖਸਰਾ- ਰੁਬੇਲਾ ਅਤੇ ਟੈਟਨਸ ਤੋਂ ਬਚਾਉਂਦਾ ਹੈ। ਡਾ. ਗੁਰਪ੍ਰੀਤ ਕੰਬੋਜ ਨੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਦਾ ਟੀਕਾਕਰਣ ਸਹੀ ਸਮੇਂ ਤੇ ਸਡਿਊਲ ਮੁਤਾਬਕ ਜ਼ਰੂਰ ਕਰਵਾਓ ਤਾਂ ਜੋ ਬੱਚਿਆਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਅਤੇ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ ।ਇਸ ਮੌਕੇ ਬਿੱਕੀ ਕੌਰ ਬੀਈਈ, ਕਿਰਨਪਾਲ ਕੌਰ ਐੱਲਐੱਚਵੀ, ਸਤੀਸ਼ ਕੌਰ ਮ.ਪ.ਹ.ਵ, ਗੁਰਮੀਤ ਕੌਰ ਮ.ਪ.ਹ.ਵ, ਜੰਗੋ ਬਾਈ ਏਐੱਨਐੱਮ ਅਤੇ ਸਮੂਹ ਆਸ਼ਾ ਵਰਕਰ ਹਾਜ਼ਰ ਰਹੇ।



Website : www.lokbani.com
lokbani08@gmail.com

# ਟੁਕੜੇ ਟੁਕੜੇ ਔਰਤ

20ਵੀਂ ਸਦੀ ਦੀਆਂ ਤਰਕਾਲਾਂ ਜਿਹੀਆਂ ਦੇ ਵਰ੍ਹਿਆਂ ਵਿੱਚ ਮੇਰਾ ਜਨਮ ਮਾਝੇ ਦੇ ਇੱਕ ਚਿੜੀ ਦੇ ਪਹੁੰਚੇ ਕੁ ਜਿੱਡੇ ਪਿੰਡ ਵਿੱਚ ਹੋਇਆ, ਜਿਸ ਦਾ ਨਾਂ ਤੇ ਅਤਾ - ਪਤਾ ਅੱਜ ਵੀ ਉਨਾ ਹੀ ਅਣਗੌਲਿਆ ਜਿਹਾ ਹੈ ਜਿੰਨਾ ਕਿ ਉਹਨਾਂ ਸਮਿਆਂ ਵਿੱਚ ਸੀ। ਅੱਜ ਵੀ ਉਸ ਪਿੰਡ ਨੂੰ ਕੋਈ ਬੱਸ ਨਹੀਂ ਜਾਂਦੀ। ਜਿੱਥੋਂ ਕੁ ਤੱਕ ਮੈਨੂੰ ਯਾਦ ਹੈ ਜਦ ਮੈਂ ਹੋਸ਼ ਸੰਭਾਲੀ ਤਾਂ ਮੇਰੀ ਉਂਗਲੀ ਉਸ ਔਰਤ ਦੇ ਹੱਥ ਵਿੱਚ ਸੀ ਜੋ ਕਿੰਨੀ ਮਹਾਨ ਸੀ ਉਸਦਾ ਅਹਿਸਾਸ ਮੈਨੂੰ ਉਸਦੇ ਇਸ ਦੁਨੀਆ ਤੋਂ ਤੁਰ ਜਾਣ ਤੋਂ ਬਾਅਦ ਹੋਇਆ। ਮੇਰੀ ਦਾਦੀ ਪਿੰਡ ਦੇ ਜਿਮੀਂਦਾਰਾਂ ਦੀ ਨੂੰਹ ਹੋਣ ਦੇ ਬਾਵਜੂਦ ਵੀ ਖੇਤੀ ਦਾ ਸਾਰਾ ਕੰਮ ਆਪਣੇ ਹੱਥੀਂ ਕਰਿਆ ਕਰਦੀ। ਵਾਢੀਆਂ ਦੇ ਦਿਨਾਂ ਵਿੱਚ ਮਰਦ ਸੀਰੀਆਂ ਤੇ ਕਿਰਤੀਆਂ ਦੇ ਨਾਲ ਖੇਤਾਂ ਵਿੱਚ ਖੜ੍ਹੀ ਉਹ ਇਕੱਲੀ ਔਰਤ ਅੱਜ ਵੀ ਉਹਨਾਂ ਨਾਲ ਭਰੀਆਂ ਚੁਕਾਉਂਦੀ, ਨੱਕੇ ਮੋੜਦੀ ਤੇ ਕਦੀ ਕਦਾਈ ਬਲਦਾਂ ਵਾਲੇ ਗੱਡੇ 'ਤੇ ਜਿਨਸ ਨੂੰ ਲੱਦੀ ਖੇਤਾਂ ਵਿੱਚੋਂ ਪਿੰਡ ਨੂੰ ਜਾਂਦੀ ਯਾਦ ਆਉਂਦੀ ਹੈ। ਇਸਦਾ ਕਾਰਨ ਇਹ ਸੀ ਕਿ ਉਸਨੂੰ ਆਪਣੇ ਪਤੀ ਵੱਲੋਂ ਮੁਕਲਾਵੇ ਵਾਲੀ ਰਾਤ ਹੀ ਫ਼ੁਰਮਾਨ ਜਾਰੀ ਹੋਇਆ ਸੀ, ਦੇਖ! ਤੇਰੇ 'ਤੇ ਕੋਈ ਪਾਬੰਦੀ ਨਹੀਂ। ਮੈਂ ਬਿਮਾਰ ਰਹਿੰਦਾ ਹਾਂ। ਘਰ ਤੇ ਕਬੀਲਦਾਰੀ ਦਾ ਬੋਝ ਨਹੀਂ ਢੋਅ ਸਕਦਾ। ਤੂੰ ਵੇਖ ਲੈ ਇੱਥੇ ਰਹਿਣਾ ਕਿ ਨਹੀਂ। ਜੇ ਜਾਣਾ ਚਾਹੇਂ ਤਾਂ ਬੜੀ ਖ਼ੁਸ਼ੀ ਨਾਲ ਜਾ ਸਕਦੀ ਹੈਂ। ਆਖਰੀ ਬੋਲ ਉਸਨੂੰ ਉਸ ਉੱਪਰ ਕੀਤੇ ਜਾ ਰਹੇ ਕਿਸੇ ਵੱਡੇ ਅਹਿਸਾਨ ਵਾਂਗ ਸੁਣਾਏ ਗਏ ਸਨ ।

ਬਸ ਉਹ ਦਿਨ ਤੇ ਆਹ ਦਿਨ। ਉਸਨੇ ਆਪਣੇ ਅੰਦਰ ਦੀ ਔਰਤ ਨੂੰ ਮਾਰ ਲਿਆ ਤੇ ਮਰਦਾਂ ਵਾਂਗ ਖੇਤੀਬਾੜੀ ਤੇ ਘਰ ਦੀ ਕਬੀਲਦਾਰੀ ਸੰਭਾਲ ਲਈ। ਉਹਦੇ ਹੱਥਾਂ ਵਿੱਚ ਕਦੀ ਮੈਂ ਚੂੜੀਆਂ ਜਾਂ ਛਾਪਾਂ ਛੱਲੇ ਨਹੀਂ ਸੀ ਵੇਖੇ ਤੇ ਨਾ ਹੀ ਪੈਰਾਂ ਵਿੱਚ ਝਾਂਜਰਾਂ। ਪਰ ਉਸਦੇ ਅੰਦਰ ਦੱਬੇ ਰਹਿ ਗਏ ਇਹ ਚਾਅ ਮੇਰੇ ਬਚਪਨ ਤੇ ਜਵਾਨੀ ਦੀਆਂ ਰੀਝਾਂ ਪੂਰੀਆਂ ਕਰਦਿਆਂ ਪ੍ਰਗਟ ਜ਼ਰੂਰ ਹੋ ਜਾਇਆ ਕਰਦੇ ਸੀ। ਮੈਨੂੰ ਅੱਜ ਵੀ ਯਾਦ ਹੈ ਉਸਦਾ ਘਰ ਦੇ ਮਰਦਾਂ ਤੋਂ ਚੋਰੀ ਮੈਨੂੰ ਚੂੜੀਆਂ ਚੜ੍ਹਾ ਕੇ ਤੇ ਚਾਂਦੀ ਦੀਆਂ ਝਾਂਜਰਾਂ ਘੜਵਾ ਕੇ ਦੇਣਾ। ਉਹ ਮੇਰੀ ਉਂਗਲੀ ਫੜ੍ਹ ਕੇ ਉਸ ਵੇਲੇ ਖੇਤਾਂ ਦੀਆਂ ਵੱਟਾਂ 'ਤੇ ਚੱਲਣਾ ਤੇ ਖਾਲ਼ਾਂ ਨੂੰ ਟੱਪਣਾ ਸਿਖਾਉਂਦੀ, ਅਚੇਤ ਹੀ ਮੈਨੂੰ ਜ਼ਿੰਦਗੀ ਦੀਆਂ ਔਂਜੜ ਰਾਹਾਂ 'ਤੇ ਤੁਰਨਾ ਸਿਖਾ ਗਈ।

ਸ਼ਾਇਦ ਆਪਣੇ ਲਾਡਲੇ ਪੁੱਤਰ ਦੀ ਪਹਿਲੀ ਔਲਾਦ ਹੋਣ ਕਾਰਨ ਉਸਦਾ ਮੇਰੇ ਨਾਲ ਬਹੁਤ ਮੋਹ ਸੀ। ਨੇੜਲਿਆ ਘਰਾਂ ਵਿੱਚ ਲੋਹੜੀ ਮੰਗਣ ਆਈਆਂ ਕੁੜੀਆਂ ਨੂੰ ਸੁਨੇਹਾ ਲਾਉਂਦੀ ਕਿ ਮੇਰੀ ਪੋਤੀ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਈ ਹੈ। ਮੇਰੇ ਘਰੋਂ ਵੀ ਗੀਤ ਗਾ ਕੇ ਲੋਹੜੀ ਲੈ ਕੇ ਜਾਇਓ। ਉਹ ਖੁਦ ਚਾਹੇ ਪੜ੍ਹੀ-ਲਿਖੀ ਨਹੀਂ ਸੀ ਪਰ ਉਸਦੇ ਮਨ ਵਿੱਚ ਪੜ੍ਹਾਈ ਦੀ ਕਦਰ ਬਹੁਤ ਸੀ। ਆਪਣੇ ਸੀਮਤ ਵਸੀਲਿਆਂ ਦੇ ਬਾਵਜੂਦ ਵੀ ਆਪਣੇ ਬੱਚਿਆਂ ਨੂੰ ਪੈਰਾਂ 'ਤੇ ਖੜਾ ਕਰਨ ਵਿੱਚ ਕਾਮਯਾਬ ਰਹੀ ਤੇ ਉਸੇ ਦੀ ਮਿਹਨਤ ਸਦਕਾ ਸਾਡੇ ਪਰਿਵਾਰ ਨੇ ਪੱਛੜੇ ਜਿਹੇ ਪਿੰਡ ਵਿੱਚੋਂ ਉੱਠ ਕੇ ਸ਼ਹਿਰ ਵਿੱਚ ਘਰ ਬਣਾ ਲਿਆ ਤਾਂ ਜੋ ਅਗਲੀ ਪੀੜ੍ਹੀ ਨੂੰ ਪੜ੍ਹਾਈ ਲਿਖਾਈ ਵਿੱਚ ਔਖ ਨਾ ਆਵੇ। ਪਿੰਡ ਵਿੱਚ ਕੇਵਲ ਇੱਕ ਪ੍ਰਾਈਮਰੀ ਸਕੂਲ ਹੀ ਸੀ। ਅੰਤ ਸਮੇਂ ਬੜੇ ਸਕੂਨ ਭਰੇ ਮਾਹੌਲ ਵਿੱਚ ਉਸਨੇ ਆਖਰੀ ਸਾਹ ਲਿਆ ਜਿਵੇਂ ਕੋਈ ਰੂਹ ਤੋਂ ਰੱਜਿਆ ਪੁੱਜਿਆ ਇਸ ਜਹਾਨ ਤੋਂ ਜਾਂਦਾ ਹੈ।

ਉਸ ਮਹਾਨ ਔਰਤ ਪ੍ਰਤੀ ਮੇਰੇ ਮਨ ਵਿੱਚ ਏਨੀ ਸ਼ਰਧਾ ਹੈ ਕਿ ਅੱਜ ਵੀ ਜਦੋਂ ਕਿਸੇ ਪਿੰਡ ਵਿੱਚੋਂ ਲੰਘਦਿਆਂ ਕਿਸੇ ਕਿਰਤੀ ਔਰਤ ਨੂੰ ਗੱਡੇ 'ਤੇ ਪੱਠੇ ਲੱਦੀ ਮੇਰੀ ਗੱਡੀ ਦੇ ਅੱਗੇ ਜਾ ਰਹੀ ਦੇਖਦੀ ਹਾਂ ਤਾਂ ਮੈਨੂੰ ਹਾਰਨ ਮਾਰ ਕੇ ਉਸ ਤੋਂ ਅੱਗੇ ਲੰਘਣ ਲਈ ਰਾਹ ਲੈਣਾ ਉਸਦੀ ਤੌਹੀਨ ਕਰਨ ਵਾਂਗ ਜਾਪਦਾ ਹੈ ਤੇ ਮੈਂ ਉਦੋਂ ਤੱਕ ਇੰਤਜ਼ਾਰ ਕਰਦੀ ਹਾਂ ਜਦ ਤਕ ਕਿਸੇ ਸੁਖਾਵੇਂ ਮੋੜ 'ਤੇ ਉਹ ਖੁਦ ਹੀ ਆਪਣਾ ਗੱਡਾ ਪਾਸੇ ਕਰਕੇ ਮੈਨੂੰ ਅੱਗੇ ਲੰਘ ਜਾਣ ਨੂੰ ਨਹੀਂ ਕਹਿੰਦੀ। ਮੇਰਾ ਤਨ ਮਨ ਉਹਦੇ ਲਈ ਸ਼ੁਕਰਾਨੇ ਦੇ ਭਾਵ ਨਾਲ ਭਰ ਜਾਂਦਾ ਹੈ। ਮੈਨੂੰ ਲੱਗਦਾ ਹੈ ਕਿ ਉਹ ਮੇਰੀ ਦਾਦੀ ਵਾਂਗ ਮੇਰੇ ਨਾਲੋਂ ਕਿਤੇ ਵੱਧ ਮਿਹਨਤੀ ਔਰਤ ਹੋਵੇਗੀ ਜੋ ਸਵੇਰ ਦੀ ਉਠੀ ਹੋਈ ਹੈ ਤੇ ਖੇਤਾਂ ਵਿੱਚ ਹੱਡ-ਤੋੜਵੀਂ ਮਿਹਨਤ ਕਰਕੇ ਆਈ ਹੈ।

ਉਸਦੇ ਚਲੇ ਜਾਣ ਤੋਂ ਬਾਅਦ ਮੇਰੀ ਜ਼ਿੰਦਗੀ ਦੇ ਮੰਚ 'ਤੇ ਅਗਲਾ ਕਿਰਦਾਰ ਮੇਰੀ ਮਾਂ ਦਾ ਸੀ। ਹਾਂ! ਮੇਰੀ ਮਾਂ ਜਿਸ ਦਾ ਅਸਤਿਤਵ ਦਾਦੀ ਦੇ ਹੁੰਦਿਆਂ ਕਿਸੇ ਨੇ ਗ਼ੌਲਿਆ ਹੀ ਨਹੀਂ ਸੀ। ਸ਼ਾਇਦ ਉਸਨੇ ਖੁਦ ਨੇ ਵੀ ਨਹੀਂ। ਜਿਸ ਤਰ੍ਹਾਂ ਵੱਡੇ ਰੁੱਖ ਥੱਲੇ ਛੋਟਾ ਰੁੱਖ ਬਹੁਤਾ ਵਧ - ਫੁੱਲ ਨਹੀਂ ਸਕਦਾ ਇਸੇ ਤਰ੍ਹਾਂ ਦਾਦੀ ਦਾ ਮਿਹਨਤੀ ਜੁੱਸਾ ਤੇ ਖੁੱਲ੍ਹ - ਡੁੱਲ੍ਹਾ ਸੁਭਾਅ, ਭੋਲੇ ਸੁਭਾਅ ਦੀ ਤੇ ਸੋਹਲ ਜਿਹੀ ਮਾਂ 'ਤੇ ਹਾਵੀ ਰਿਹਾ। ਦਾਦੀ ਦੇ ਤੁਰ ਜਾਣ ਤੋਂ ਬਾਅਦ ਉਸਦੀ ਖਾਲੀ ਥਾਂ ਲੈ ਸਕਣਾ ਮਾਂ ਲਈ ਇੱਕ ਵੱਡੀ ਚੁਣੌਤੀ ਸੀ ਕਿਉਂਕਿ ਦੋਵਾਂ ਦੀ ਮਿੱਟੀ ਤੇ ਤਾਸੀਰ ਵੱਖੋ ਵੱਖਰੀ ਸੀ। ਜਿੱਥੇ ਦਾਦੀ ਮਸ਼ਾਲ ਬਣ ਕੇ ਰਾਹ ਦਸੇਰੀ ਬਣਦੀ ਰਹੀ ਉੱਥੇ ਮਾਂ ਦਾ ਵਜੂਦ ਇੱਕ ਮੋਮਬੱਤੀ ਵਾਂਗ ਸੀ ਜਿਸ ਵਿੱਚ ਦੂਜਿਆਂ ਨੂੰ ਰੌਸ਼ਨੀ ਦੇਣ ਲਈ ਆਪਣੇ ਵਜੂਦ ਨੂੰ ਮਨਫ਼ੀ ਕਰਦੇ ਜਾਣਾ ਸ਼ਾਮਿਲ ਸੀ। ਘਰ ਵਿੱਚ ਹਰ ਚੀਜ਼ ਨੂੰ ਉਸਦੀ ਥਾਂ 'ਤੇ ਸਜਾ ਕੇ ਰੱਖਦਿਆਂ ਤੇ ਘਰ ਦੇ ਇਕੱਲੇ ਇਕੱਲੇ ਜੀ ਦੀ ਹਰ ਜ਼ਰੂਰਤ ਨੂੰ ਬਿਨਾਂ ਕਹੇ ਸਮੇਂ ਸਿਰ ਪੂਰਾ ਕਰਦਿਆਂ , ਪਤਾ ਹੀ ਨਾ ਲੱਗਿਆ ਕਿਹੜੇ ਵੇਲ਼ੇ ਮਾਂ ਘਰ ਦਾ ਧੁਰਾ ਹੋ ਗਈ। ਜਦ ਸਾਡੇ ਵਿੱਚੋਂ ਕੋਈ ਅੱਵਲ ਆਉਣ 'ਤੇ ਸਟੇਜ ਤੋਂ ਇਨਾਮ ਜਾਂ ਕੋਈ ਹੋਰ ਮਾਣ ਸਨਮਾਨ ਪ੍ਰਾਪਤ ਕਰ ਰਿਹਾ ਹੁੰਦਾ ਤਾਂ ਉਸਦੇ ਪਿੱਛੇ ਮਾਂ ਦੀ ਮਿਹਨਤ ਹੁੰਦੀ। ਉਹ ਖੁਦ ਕਦੀ ਵੀ ਅਜਿਹੇ ਸਮਾਗਮ ਵਿੱਚ ਹਾਜ਼ਰ ਨਾ ਹੁੰਦੀ। ਪਰ ਉਹ ਗ਼ੈਰ ਹਾਜ਼ਰ ਹੁੰਦੀ ਹੋਈ ਵੀ ਹਾਜ਼ਰ ਹੁੰਦੀ। ਉਸਦੇ ਹੁੰਦਿਆਂ ਘਰ ਵਿੱਚ ਕਿਸੇ ਨੂੰ ਕੈਲੰਡਰ ਜਾਂ ਅਲਾਰਮ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਉਸਨੇ ਆਪਣੇ ਆਪ ਨੂੰ ਸਾਡੇ ਸਾਰਿਆਂ ਦੀ ਜ਼ਰੂਰਤ ਦੇ ਅਨੁਸਾਰ ਢਾਲ ਲਿਆ ਹੈ । ਮੈਨੂੰ ਨਹੀਂ ਯਾਦ ਕਿ ਉਸਦੀ ਆਪਣੀ ਕੋਈ ਵੱਖਰੀ ਪਸੰਦ ਜਾਂ ਜ਼ਰੂਰਤ ਰਹੀ ਹੋਵੇ।

ਘਰ ਵਿੱਚੋਂ ਬਾਹਰ ਨਿਕਲਦਿਆਂ ਜਦ ਮੇਰਾ ਵਾਹ ਵਾਸਤਾ ਸਕੂਲ ਨਾਲ ਪਿਆ ਤਾਂ ਇੱਕ ਅਜਿਹਾ ਮੋੜ ਆਇਆ ਕਿ ਪਿੰਡ ਦੇ ਸਰਕਾਰੀ ਸਕੂਲ 'ਚ ਪੰਜਵੀਂ ਦੀ ਸਾਰੇ ਅਧਿਆਪਕਾਂ ਦੀ ਹਰਮਨ ਪਿਆਰੀ ਵਿਦਿਆਰਥਣ ਦਾ ਜਦ ਸ਼ਹਿਰ ਦੇ ਪ੍ਰਾਈਵੇਟ ਅੰਗਰੇਜ਼ੀ ਸਕੂਲ ਵਿੱਚ ਦਾਖਲਾ ਕਰਵਾਇਆ ਗਿਆ ਤਾਂ ਅੰਗਰੇਜ਼ੀ ਨਾ ਆਉਂਦੀ ਹੋਣ ਕਾਰਨ ਮੇਰੇ ਅੰਦਰਲੇ ਵਿਦਿਆਰਥੀ ਦੇ ਸਵੈਮਾਨ ਨੂੰ ਕਾਫੀ ਸੱਟ ਵੱਜੀ। ਹਰ ਰੋਜ਼ ਅੰਗਰੇਜ਼ੀ ਤੇ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਵਿੱਚੋਂ ਕਦੀ ਗੱਲ੍ਹਾਂ 'ਤੇ ਥੱਪੜ, ਕਦੀ ਹੱਥਾਂ ਦੀਆਂ ਤਲੀਆਂ 'ਤੇ ਡੰਡੇ ਪੈਣ ਲੱਗ ਪਏ। ਇਹ ਥੱਪੜ ਤੇ ਡੰਡੇ ਵੱਜਦੇ ਚਾਹੇ ਮੇਰੇ ਹੱਥਾਂ ਜਾਂ ਗੱਲ੍ਹਾਂ 'ਤੇ ਸਨ, ਪਰ ਇਸਦੇ ਨਿਸ਼ਾਨ ਸਿੱਧੇ ਰੂਹ 'ਤੇ ਹੀ ਪੈਂਦੇ ਸਨ। ਸਮਝ ਨਹੀਂ ਸੀ ਆਉਂਦੀ ਕਿ ਕਮੀ ਕਿੱਥੇ ਹੈ, ਕਸੂਰ ਕਿਸਦਾ ਹੈ ਤੇ ਇਸ ਦਾ ਹੱਲ ਕੀ ਹੈ? ਘਰਦੇ ਵੀ ਪ੍ਰੇਸ਼ਾਨ ਸਨ। ਅਜਿਹੇ ਵੇਲੇ ਮੇਰੀ ਬਾਂਹ ਇਕ ਸੁਹਿਰਦ ਅਧਿਆਪਕ ਜੋੜੀ ਨੇ ਫੜ੍ਹੀ। ਉਹ ਅਧਿਆਪਕ ਮੇਰੇ ਪਾਪਾ ਦੇ ਦੋਸਤ ਸਨ ਤੇ ਉਹਨਾਂ ਦੀ ਪਤਨੀ ਉਸ ਪ੍ਰਾਈਵੇਟ ਸਕੂਲ ਵਿੱਚ ਮੇਰੀ ਜਮਾਤ ਦੀ ਇੰਚਾਰਜ ਸੀ। ਜਦ ਮੇਰਾ ਮਸਲਾ ਉਹਨਾਂ ਦੇ ਧਿਆਨ ਵਿੱਚ ਆਇਆ ਤਾਂ ਉਹਨਾਂ ਨੇ ਇਸ ਸਮੱਸਿਆ ਦਾ ਹੱਲ ਕਰਦਿਆਂ ਮੈਨੂੰ ਆਪਣੇ ਘਰ ਹੀ ਰੱਖ ਲਿਆ( ਕਿਉਂਕਿ ਮੇਰਾ ਘਰ ਦੂਰ ਇੱਕ ਪਿੰਡ ਵਿੱਚ ਸੀ) ਤੇ ਸਕੂਲ ਤੋਂ ਬਾਅਦ ਮੇਰੀ ਅੰਗਰੇਜ਼ੀ ਵੱਲ ਉਚੇਚਾ ਧਿਆਨ ਦੇ ਕੇ ਮੈਨੂੰ ਦੁਬਾਰਾ ਲੀਹ 'ਤੇ ਲੈ ਕੇ ਆਏ। ਮਾਂ ਵਰਗੀ ਉਸ ਅਧਿਆਪਕਾ ਦੀ ਦੇਣਦਾਰ ਹਾਂ ਜਿਸ ਨੇ ਮੈਨੂੰ ਵੀ ਆਪਣੀਆਂ ਦੋਨਾਂ ਬੱਚੀਆਂ ਜਿੰਨਾ ਹੀ ਪਿਆਰ ਦਿੰਦਿਆਂ ਮੇਰੀ ਪਰਵਰਿਸ਼ ਕੀਤੀ। ਉਹਨਾਂ ਤਿੰਨਾਂ ਸਾਲਾਂ ਵਿੱਚ ਮੈਂ ਸ਼ਾਂਤ ਸੁਭਾਅ ਦੀ ਉਸ ਅਧਿਆਪਕਾ ਨੂੰ ਬਹੁਤ ਨੇੜਿਓਂ ਵੇਖਿਆ ਜਿਸਨੇ ਬਹੁਤ ਕੁਝ ਆਪਣੇ ਉੱਪਰ ਝੱਲਦਿਆਂ ਆਪਣੇ ਜੀਵਨਸਾਥੀ ਦੇ ਮੋਢੇ ਨਾਲ ਮੋਢਾ ਲਾ ਕੇ ਜ਼ਿੰਦਗੀ ਦੇ ਔਖੇ ਪੈਂਡੇ ਬੜਾ ਸ਼ਾਂਤ ਰਹਿ ਕੇ ਠਰ੍ਹੰਮੇ ਨਾਲ ਪਾਰ ਕੀਤੇ।

ਤੇ ਫਿਰ ਅਚਾਨਕ ਇੱਕ ਦਿਨ ਮੇਰਾ ਸੰਪਰਕ ਇੱਕ ਹਸੂੰ- ਹਸੂੰ ਕਰਦੀ, ਜ਼ਿੰਦਗੀ ਨੂੰ ਮਾਨਣਾ ਲੋਚਦੀ ਤੇ ਫੁੱਲਾਂ ਵਰਗੀ ਕੋਮਲ ਜੋਤੀ ਬਾਵਾ ਨਾਲ ਹੋਇਆ। ਬਹੁਤ ਛੇਤੀ ਸਾਡੀ ਜਾਣ ਪਹਿਚਾਣ ਦੋਸਤੀ ਵਿੱਚ ਬਦਲ ਗਈ। ਉਹ ਅਕਸਰ ਇੱਕ ਸੋਹਣੇ ਜਿਹੇ ਨੌਜਵਾਨ ਦੀ ਤਸਵੀਰ ਪਿਆਰ ਮੁਹੱਬਤ ਵਾਲੇ ਸ਼ੇਅਰਾਂ ਸਮੇਤ ਸੋਸ਼ਲ ਮੀਡੀਆ 'ਤੇ ਪਾਇਆ ਕਰਦੀ ਤੇ ਮੈਂ ਉਸਦੀ ਇਸ ਬੇਬਾਕ ਤਬੀਅਤ 'ਤੇ ਹੈਰਾਨ ਹੁੰਦੀ। ਇੱਕ ਦਿਨ ਵਿਹਲੇ ਬਹਿ ਕੇ ਉਸਦੀ ਜ਼ਿੰਦਗੀ ਦੇ ਅਤੀਤ ਦੇ ਵਰਕੇ ਫ਼ਰੋਲਦਿਆਂ ਮੇਰੇ ਲੂੰ ਕੰਢੇ ਖੜੇ ਹੋ ਗਏ। ਉਸਦੇ ਚਿਹਰੇ ਦੇ ਹਾਸਿਆਂ ਪਿੱਛੇ ਕੇਹੀ ਦਰਦ ਕਹਾਣੀ ਛੁਪੀ ਹੋਈ ਸੀ। ਤਸਵੀਰਾਂ ਵਿਚਲਾ ਉਹ ਨੌਜਵਾਨ ਉਸਦਾ ਮਹਿਬੂਬ ਪਤੀ ਅਮਿਤ ਸੀ, ਜੋ ਕਈ ਸਾਲ ਪਹਿਲਾਂ ਕਿਸੇ ਨਾ-ਮੁਰਾਦ ਬਿਮਾਰੀ ਕਾਰਨ ਜੋਬਨ ਰੁੱਤੇ ਹੀ ਇਸ ਦੁਨੀਆ ਤੋਂ ਜਾ ਚੁੱਕਾ ਸੀ । ਪਰ ਉਸਦੇ ਚੇਤਿਆਂ ਚੋਂ ਕਿਤੇ ਨਹੀਂ ਸੀ ਗਿਆ। ਉਹ ਉਸਦੀ ਯਾਦ ਵਿੱਚ ਏਨਾ ਰੁੱਝੀ ਰਹਿੰਦੀ ਕਿ ਉਹ ਖੁਦ ਵੀ ਕਈ ਵਾਰ ਇਹ ਗੱਲ ਭੁੱਲ ਜਾਇਆ ਕਰਦੀ ਸੀ ਕਿ ਉਹ ਚਲਾ ਗਿਆ ਹੈ। ਇਹ ਹਾਸੇ, ਇਹ ਸ਼ੇਅਰ, ਇਹ ਮਹਿੰਦੀ ਰੰਗੇ ਹੱਥ, ਇਹ ਐੱਨ. ਜੀ. ਓ, ਇਹ ਚੈਨਲ ਸਭ ਕੁਝ ਉਸਦੀ ਯਾਦ ਵਿੱਚ ਜੀਉਣ ਦਾ ਇੱਕ ਬਹਾਨਾ। ਉਹਦੇ ਤੋਂ ਮੈਂ ਇਹ ਜਾਣਿਆ ਕਿ ਜ਼ਿੰਦਗੀ ਨੂੰ ਇਸ ਤਰਾਂ ਵੀ ਜੀਵਿਆ ਜਾ ਸਕਦਾ ਹੈ। ਜ਼ਿੰਦਾਦਿਲੀ ਨਾਲ ਸਭ ਨੂੰ ਮੁਹੱਬਤ ਵੰਡਦਿਆਂ।

ਇਸਦੇ ਨਾਲ ਹੀ ਮੈਨੂੰ ਯਾਦ ਆਉਂਦੀ ਹੈ ਮਾਝੇ ਦੀ ਹਰਮਨ ਪਿਆਰੀ ਵਕੀਲ ਨਵਜੋਤ ਕੌਰ ਚੱਬਾ ਜਿਸਨੂੰ ਮਿਲਦਿਆਂ ਮੈਨੂੰ ਕਦੀ ਮਾਂ ਵਰਗੇ ਤੇ ਕਦੀ ਬਹੁਤ ਅਜ਼ੀਜ਼ ਸਹੇਲੀ ਵਰਗੇ ਆਪਣੇਪਨ ਦਾ ਅਹਿਸਾਸ ਹੁੰਦਾ ਹੈ। ਉਸਨੇ ਬਹੁਤ ਸਾਰੀਆਂ ਆਲੋਚਨਾਵਾਂ ਤੇ ਅਸਫ਼ਲਤਾਵਾਂ ਵਿੱਚੋਂ ਲੰਘਦਿਆਂ ਜਿਸ ਤਰ੍ਹਾਂ ਆਪਣੇ ਆਪ ਨੂੰ ਇੱਕ ਕਾਬਲ ਵਕੀਲ ਤੇ ਸਮਾਜਕ ਕਾਰਜਕਰਤਾ ਦੇ ਰੂਪ ਵਿੱਚ ਦੁਨੀਆ ਦੇ ਸਾਹਮਣੇ ਉਭਾਰਿਆ ਉਹ ਆਪਣੀ ਮਿਸਾਲ ਆਪ ਹੀ ਹੈ। ਇਸ ਸਭ ਕੁਝ ਤੋਂ ਵੀ ਪਹਿਲਾਂ ਉਹ ਇੱਕ ਸੁਹਿਰਦ ਇਨਸਾਨ ਹੈ, ਜਿਸਦੇ ਅੰਦਰ ਮਾਨਵਤਾ ਦੀ ਭਲਾਈ ਲਈ ਇੱਕ ਕੋਮਲ ਦਿਲ ਧੜਕਦਾ ਹੈ। ਲੱਗਦਾ ਹੈ ਜਿਵੇਂ ਉਸਦੀ ਕਵਿਤਰੀ ਮਾਂ ਦਰਸ਼ਨ ਕੌਰ ਆਪਣੇ ਅੰਦਰ ਦੀ ਸਾਰੀ ਦੀ ਸਾਰੀ ਸੰਵੇਦਨਾ ਉਹਦੀ ਝੋਲੀ ਪਾ ਗਈ ਹੋਵੇ। ਜਦ ਉਹ ਏਨੇ ਮਰਦਾਂ ਵਿੱਚ ਘਿਰੀ ਹੋਈ ਕਤਲ ਕੇਸ ਦੇ ਮੁਕੱਦਮੇ (ਜਿਹਨਾਂ ਵਿੱਚ ਕਿ ਉਸਦੀ ਖਾਸ ਮੁਹਾਰਤ ਮੰਨੀ ਜਾਂਦੀ ਹੈ) ਲੜ ਰਹੀ ਹੁੰਦੀ ਹੈ ਤਾਂ ਮੈਂ ਹੈਰਾਨ ਹੁੰਦੀ ਹਾਂ ਕਿ ਉਹ ਫੁੱਲਾਂ ਜਿਹੇ ਸੋਹਲ ਦਿਲ ਦੀ ਮਾਲਕ ਹੁੰਦਿਆਂ ਇਸ ਤਰਾਂ ਦੇ ਹਿੰਸਾਤਮਕ ਮਸਲਿਆਂ ਦਾ ਕਿਸ ਤਰ੍ਹਾਂ ਨਿਪਟਾਰਾ ਕਰ ਲੈਂਦੀ ਹੈ। ਪਰ ਇਹ ਉਸਦੀ ਕਲਾ ਹੈ। ਇਸ ਤਰਾਂ ਵਿਚਰਦਿਆਂ ਮਰਦ ਸਮਾਜ ਵੱਲੋਂ ਆਚਰਣ 'ਤੇ ਚੁੱਕੇ ਗਏ ਸਵਾਲਾਂ ਦੇ ਜਵਾਬ ਵਿੱਚ ਸਫ਼ਾਈਆਂ ਦੇ ਕੇ ਆਪਣੇ ਆਪ ਨੂੰ ਸਤੀ ਸਵਿੱਤਰੀ ਸਾਬਤ ਕਰਨ ਵਿੱਚ ਸਮਾਂ ਨਸ਼ਟ ਕਰਨ ਦੀ ਥਾਂ ਉਹ ਆਪਣੇ ਹੀ ਅੰਦਾਜ਼ ਅਨੁਸਾਰ ਕੰਮ ਵਿੱਚ ਮਸਤ ਰਹਿੰਦੀ ਹੈ ਤੇ ਜ਼ੁਬਾਨ ਦੀ ਥਾਂ ਆਪਣੇ ਕੰਮ ਨਾਲ ਹੀ ਜਵਾਬ ਦੇਣ ਵਿੱਚ ਵਿਸ਼ਵਾਸ ਰੱਖਦੀ ਹੈ।

ਤੁਰਦਿਆਂ-ਤੁਰਦਿਆਂ ਮੇਰੇ ਕਦਮ ਪੰਜਾਬੀ ਸਾਹਿਤ ਦੀ ਉਸ ਮਹਾਨ ਔਰਤ ਦੇ ਘਰ ਵੱਲ ਨੂੰ ਹੋ ਤੁਰੇ ਜਿਸਦੀ ਸਵੈਜੀਵਨੀ ਪੜ੍ਹਦਿਆਂ ਕਈ ਵਾਰ ਮਨ ਵਿੱਚ ਖਿਆਲ ਆਇਆ ਕਿ ਕਿਸ ਮਿੱਟੀ ਦੀ ਬਣੀ ਹੋਈ ਹੈ ਇਹ ਔਰਤ ਜੋ ਵਿੰਗੀਆਂ ਟੇਢੀਆਂ ਪਗਡੰਡੀਆਂ 'ਤੇ ਚੱਲਦੀ ਕਦੀ ਅੱਕਦੀ ਥੱਕਦੀ ਹੀ ਨਹੀਂ। ਬਚਿੰਤ ਕੌਰ ਜਿਸ ਦੇ ਜੰਮਣ 'ਤੇ ਸਜਾ ਵਜੋਂ ਉਸਦੀ ਮਾਂ ਨੂੰ ਡੰਗਰਾਂ ਵਾਲੇ ਕੋਠੇ ਵਿੱਚ ਜਣੇਪਾ ਕੱਟਣ ਲਈ ਮਜਬੂਰ ਕਰ ਦਿੱਤਾ ਗਿਆ। ਛੋਟੀ ਉਮਰੇ ਵਿਆਹ ਦਿੱਤੀ ਜਾਣ ਕਾਰਨ ਉਹ 14 ਸਾਲ ਦੀ ਉਮਰ ਵਿੱਚ ਆਪਣੇ ਪਹਿਲੇ ਬੱਚੇ ਦੀ ਮਾਂ ਬਣ ਗਈ ਸੀ ਤੇ ਅਗਲੇ ਕਈ ਵਰ੍ਹੇ ਉਸਨੇ ਆਪਣੇ ਪਰਿਵਾਰ ਤੇ ਬੱਚਿਆਂ ਦੀ ਪਰਵਰਿਸ਼ ਲਈ ਲੋਕਾਂ ਦੇ ਘਰਾਂ 'ਚ ਦੁੱਧ ਪਾਉਣ ਤੇ ਸੇਲਜ ਗਰਲ ਬਣ ਕੇ ਘਰੋ ਘਰੀ ਜਾਣ ਸਮੇਤ ਹਰ ਛੋਟਾ ਵੱਡਾ ਕੰਮ ਕੀਤਾ। ਬਹੁਤ ਮਿਹਨਤ ਤੇ 30 ਤੋਂ ਵੱਧ ਵਾਰੀ ਇੰਟਰਵਿਊ ਦੇਣ ਉਪਰੰਤ ਉਸਨੂੰ ਸਰਕਾਰੀ ਨੌਕਰੀ ਹਾਸਲ ਹੋਈ। ਆਪਣੀ ਸਾਰੀ ਪੜ੍ਹਾਈ ਉਸਨੇ ਆਪਣੇ ਬੱਚਿਆਂ ਦੇ ਨਾਲ ਨਾਲ ਉਹਨਾਂ ਦੇ ਸਕੂਲਾਂ ਵਿੱਚ ਕੀਤੀ। ਮਰਦ ਸਮਾਜ ਵੱਲੋਂ ਉਸਨੇ ਬਥੇਰਾ ਦੁੱਖ ਸੰਤਾਪ ਹੰਢਾਇਆ। ਅੱਜ ਜਦੋਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ 72 ਦੇ ਕਰੀਬ ਪੁਸਤਕਾਂ ਪਾ ਕੇ ਅਨੇਕ ਤਰ੍ਹਾਂ ਦੇ ਮਾਣ ਸਨਮਾਨ ਹਾਸਲ ਕਰਦਿਆਂ ਸਾਰੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਕੇ ਬੈਠੀ ਹੈ ਤਾਂ ਉਹ 84 ਵਰ੍ਹਿਆਂ ਦੀ ਹੋ ਚੁੱਕੀ ਹੈ। ਉਮਰ ਦੇ ਇਸ ਪੜਾਅ 'ਤੇ ਅੱਖਾਂ ਦੀ ਰੌਸ਼ਨੀ ਘੱਟ ਜਾਣ ਕਾਰਨ, ਡਾਕਟਰ ਦੀ ਸਲਾਹ ਅਨੁਸਾਰ ਕਾਗਜ਼ ਕਲਮ ਦੀ ਦੁਨੀਆਂ ਤੋਂ ਥੋੜੀ ਦੂਰੀ ਬਣਾ ਕੇ ਰੱਖਣੀ ਪੈ ਰਹੀ ਹੈ ਤਾਂ ਉਹ ਥੋੜ੍ਹੀ ਜਿਹੀ ਉਦਾਸ ਨਜ਼ਰ ਆਉਂਦੀ ਹੈ। ਉਸਦੇ ਮਨ ਅੰਦਰ ਇਹ ਝੋਰਾ ਜਿਹਾ ਰਹਿੰਦਾ ਹੈ ਕਿ ਹੁਣ ਉਹ ਕੁਝ ਲਿਖ ਪੜ੍ਹ ਕਿਉਂ ਨਹੀਂ ਸਕਦੀ। ਕੋਈ ਕੰਮ ਕਾਰ ਕਿਉਂ ਨਹੀਂ ਕਰ ਸਕਦੀ। ਉਸ ਦੇ ਮੂੰਹੋਂ ਇਸ ਤਰ੍ਹਾਂ ਦੇ ਸਵਾਲ ਸੁਣਦਿਆਂ ਮੇਰਾ ਜੀ ਕਰਦਾ ਹੁੰਦਾ ਹੈ ਕਿ ਉਸਨੂੰ ਕਹਾਂ, ਬੱਸ ਵੀ ਕਰ ਹੁਣ। ਜਿੰਨੀ ਪੀੜ ਤੂੰ ਇੱਕੋ ਜਨਮ ਵਿੱਚ ਹੰਢਾ ਆਈ ਹੈਂ ਏਨੀ ਤਾਂ ਇੱਕ ਆਮ ਔਰਤ ਚਾਰ ਜਨਮਾਂ ਵਿੱਚ ਵੀ ਨਹੀਂ ਹੰਢਾਉਂਦੀ । ਹੁਣ ਤੇਰਾ ਸਰੀਰ ਤੇ ਤੇਰੀ ਰੂਹ ਆਰਾਮ ਮੰਗਦੇ ਹਨ। ਪਰ ਉਮਰ ਦੇ ਵਰ੍ਹਿਆਂ ਦਾ ਇਹ ਫਾਸਲਾ ਮੈਨੂੰ ਮੂੰਹ ਭਰ ਕੇ ਏਡੀ ਗੱਲ ਕਹਿਣ ਤੋਂ ਵਰਜ ਲੈਂਦਾ ਹੈ।

ਤੇ ਅਖੀਰ ਮੈਂ ਉਸ ਔਰਤ ਦਾ ਨਾਮ ਲੈਣਾ ਕਿਵੇਂ ਭੁੱਲ ਸਕਦੀ ਹਾਂ ਜਿਸਦੀ ਕਵਿਤਾ ਨੂੰ ਮੈਂ ਸਕੂਲ ਪੜ੍ਹਦਿਆਂ ਅਖਬਾਰਾਂ ਤੇ ਰਸਾਲਿਆਂ ਵਿਚੋਂ ਕੱਟ ਕੱਟ ਆਪਣੀ ਡਾਇਰੀਨੁਮਾ ਕਾਪੀ ਵਿੱਚ ਜੋੜਦੀ ਰਹਿੰਦੀ ਸੀ। ਮੈਂ ਬੜੀ ਰੀਝ ਨਾਲ ਸੁਖਵਿੰਦਰ ਅੰਮ੍ਰਿਤ ਦੀ ਅਗਲੀ ਪੁਸਤਕ ਨੂੰ ਉਡੀਕਦੀ।

ਮਰਦ ਮਾਇਨੇ ਹਕੂਮਤ
ਔਰਤ ਮਾਇਨੇ ਬੇਬਸੀ
ਝਾਂਜਰ ਮਾਇਨੇ ਬੇੜੀ
ਚੂੜੀ ਮਾਇਨੇ ਹੱਥ ਘੜੀ

ਉਸਦੀਆਂ ਇਹਨਾਂ ਪੰਕਤੀਆਂ ਨੇ ਮੇਰੀ ਜ਼ਿੰਦਗੀ ਵਿੱਚੋਂ ਚੂੜੀਆਂ ਤੇ ਝਾਂਜਰਾਂ ਹਮੇਸ਼ਾ ਲਈ ਮਨਫ਼ੀ ਕਰ ਦਿੱਤੀਆਂ ਸਨ। ਸੁਖਵਿੰਦਰ ਅੰਮ੍ਰਿਤ ਦੇ ਗੀਤਾਂ ਵਾਲੀਆਂ ਕਾਪੀਆਂ ਕਦੇ ਚੁੱਲ੍ਹੇ ਵਿੱਚ ਸਾੜੀਆਂ ਜਾਂਦੀਆਂ, ਪਰ ਉਸਦੇ ਸਿਦਕ ਤੇ ਸਿਰੜ ਨੇ ਉਹਨਾਂ ਕਾਪੀਆਂ ਨੂੰ ਚੁੱਲ੍ਹਿਆਂ ਤੋਂ ਚੁੱਕ ਕੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਸਿਲੇਬਸ ਤੱਕ ਅਪੜਾ ਦਿੱਤਾ । ਉਸਨੇ ਆਪਣੇ ਨਾਲ ਹੋਈ ਬੀਤੀ ਦੀ ਸਾਰੀ ਤਪਸ਼ ਕਾਗਜ਼ਾਂ ਦੇ ਹਵਾਲੇ ਕਰ ਦਿੱਤੀ। ਏਨੀ ਪ੍ਰਸਿੱਧੀ ਤੋਂ ਬਾਅਦ ਵੀ ਉਹਦੇ ਵਿੱਚ ਵੱਡੇ ਲੇਖਕਾਂ ਵਾਲੀ ਕੋਈ ਮਜਾਜ ਨਜ਼ਰ ਨਹੀਂ ਆਉਂਦੀ। ਉਹ ਇੱਕ ਸ਼ਾਂਤ ਵਹਿੰਦੀ ਝੀਲ ਵਰਗੀ ਮਹਿਸੂਸ ਹੁੰਦੀ ਹੈ, ਜਿਹੜੀ ਚਾਹੇ ਕਿੰਨੇ ਵੀ ਪੱਥਰਾਂ ਚੋਂ ਲੰਘ ਕੇ ਆਈ ਹੋਵੇ ਪਰ ਵੇਖਣ ਵਾਲੇ ਦੀ ਨਿਗ੍ਹਾ ਨੂੰ ਹਮੇਸ਼ਾ ਠਾਰਦੀ ਹੀ ਹੈ ।

ਇਸ ਤਰ੍ਹਾਂ ਜ਼ਿੰਦਗੀ ਦੇ ਰਾਹਾਂ 'ਤੇ ਤੁਰਦਿਆਂ ਟੁਕੜਿਆਂ ਵਿੱਚ ਮਿਲੀਆਂ ਇਹਨਾਂ ਮਹਾਨ ਔਰਤਾਂ ਨੂੰ ਮੈਂ ਆਪਣੇ ਅੰਦਰ ਕਿਤੇ ਗਹਿਰਾ ਸੰਭਾਲ ਕੇ ਰੱਖ ਲਿਆ ਹੋਇਆ ਹੈ। ਇਹਨਾਂ ਦੇ ਸੰਘਰਸ਼ ਦੀਆਂ ਕਹਾਣੀਆਂ ਮੇਰੇ ਅੰਦਰ ਵੀ ਜੀਉਣ ਦਾ ਜਜ਼ਬਾ ਭਰਦੀਆਂ ਤੇ ਕੁਝ ਚੰਗਾ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਅੰਗਿਆਰਾਂ ਦੀ ਕਿਸਮ ਚਾਹੇ ਕੋਈ ਵੀ ਹੋਵੇ ਉਹਨਾਂ ਦੀ ਤਾਸੀਰ ਹਮੇਸ਼ਾ ਅੱਗ ਹੀ ਹੁੰਦੀ ਹੈ, ਦੁੱਖ ਦੇਣਾ ਹੀ ਹੁੰਦੀ ਹੈ। ਉਹ ਅੰਗਿਆਰ ਹੀ ਕੀ ਹੋਏ ਜਿੰਨਾਂ ਵਿੱਚ ਸੇਕ ਨਾ ਹੋਇਆ। ਹਾਂ ਏਨਾ ਫ਼ਰਕ ਜ਼ਰੂਰ ਹੈ ਕਿ ਇਹਨਾਂ ਦੀਆਂ ਪ੍ਰੇਰਨਾਵਾਂ ਹੁਣ ਮੇਰੇ ਕੂਲ਼ੇ ਪੈਰਾਂ ਨੂੰ ਸੇਕ ਮਹਿਸੂਸ ਹੀ ਨਹੀਂ ਹੋਣ ਦਿੰਦੀਆਂ।

ਸ਼ਾਲਾ ਇਹ ਇਸੇ ਤਰਾਂ ਜਿਉਂਦੀਆਂ ਵੱਸਦੀਆਂ ਰਹਿਣ!

**ਡਾ. ਮਨਦੀਪ ਕੌਰ ਰਾਏ**

# ਭਾਜਪਾ ਸੱਤਾ ਵਿਚ ਆਈ ਤਾਂ ਕਿਸਾਨ, ਮਜ਼ਦੂਰ ਤੇ ਆੜ੍ਹਤੀ ਵਰਗ ਤਬਾਹ ਹੋ ਜਾਵੇਗਾ-ਡਾ.ਅਮਰ ਸਿੰਘ



ਮਾਛੀਵਾੜਾ ਸਾਹਿਬ, - ਲੋਕ ਸਭਾ ਦੀਆਂ 2024 ਦੀਆਂ ਚੋਣਾਂ ਨੂੰ ਲੈ ਕੇ ਗਰਮੀ ਦੇ ਨਾਲ ਨਾਲ ਸਰਗਰਮੀਆਂ ਵੀ ਸ਼ੁਰੂ ਹੋ ਚੁੱਕੀਆਂ ਹਨ। ਹਰ ਇੱਕ ਪਾਰਟੀ ਵੱਲੋਂ ਆਪਣਾ ਚੋਣ ਪ੍ਰਚਾਰ ਜੋਰਾ ਸ਼ੋਰਾਂ ਨਾਲ ਸ਼ੁਰੂ ਕੀਤਾ ਹੋਇਆ ਹੈ। ਇਸੇ ਤਹਿਤ ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਡਾਕਟਰ ਅਮਰ ਸਿੰਘ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਡਾਕਟਰ ਅਮਰ ਸਿੰਘ ਵੱਲੋਂ ਪਿੰਡਾਂ ਪਿੰਡਾਂ ਅਤੇ ਸ਼ਹਿਰਾਂ ਸ਼ਹਿਰਾਂ ਵਿੱਚ ਆਪਣੇ ਆਗੂਆਂ,ਵਰਕਰਾਂ ਅਤੇ ਵੋਟਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਮਾਛੀਵਾੜਾ ਸਾਹਿਬ ਦੀ ਅਨਾਜ ਮੰਡੀ ਵਿਖੇ ਆੜਤੀ ਸ਼ਕਤੀ ਅਨੰਦ ਦੀ ਆੜਤ ਤੇ ਅੱਜ ਡਾਕਟਰ ਅਮਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਨੇ ਦਾਣਾ ਮੰਡੀ ਦਾ ਵੀ ਦੌਰਾ ਕੀਤਾ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੜੇ ਹੀ ਘਟੀਆ ਕਿਸਮ ਦੇ ਦੇਸ਼ ਵਿੱਚ ਅੱਗ ਲਾਉਣ ਵਾਲੇ ਬਿਆਨ ਦੇ ਕੇ ਜ਼ਹਿਰ ਉਗਲ ਰਿਹਾ ਹੈ। ਜਿਸਤੋਂ ਲੋਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਮਾਛੀਵਾੜਾ ਅਨਾਜ ਮੰਡੀ ਵਿਖੇ ਦੌਰਾ ਕਰਨ ਉਪਰੰਤ ਕਾਂਗਰਸ ਦੇ ਸੀਨੀਅਰ ਆਗੂ ਆੜ੍ਹਤੀ ਸ਼ਕਤੀ ਆਨੰਦ ਦੀ ਦੁਕਾਨ ਤੇ ਡਾ. ਅਮਰ ਸਿੰਘ ਨੇ ਕਿਹਾ ਕਿ ਜੇਕਰ ਭਾਜਪਾ ਸੱਤਾ ਵਿਚ ਆਈ ਤਾਂ ਦੇਸ਼ ਦਾ ਕਿਸਾਨ, ਮਜ਼ਦੂਰ ਅਤੇ ਆੜ੍ਹਤੀ ਵਰਗ ਤਬਾਹ ਹੋ ਜਾਵੇਗਾ ਕਿਉਂਕਿ ਇਹ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਵਿਚ ਲੱਗੀ ਹੋਈ ਹੈ। ਉਨ੍ਹਾ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਜੇਕਰ ਕਾਂਗਰਸ ਦੀ ਸਰਕਾਰ ਆਈ ਤਾਂ ਔਰਤਾਂ ਦੇ ਮੰਗਲ ਸੂਤਰ ਖੋਹ ਲਏ ਜਾਣਗੇ ਜੋ ਕਿ ਇੱਕ ਬੇਬੁਨਿਆਦ ਤੇ ਭੜਕਾਊ ਬਿਆਨ ਹੈ। ਡਾ. ਅਮਰ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਖੇਤੀਬਾੜੀ ਵਿਰੋਧੀ ਕਾਲੇ ਕਾਨੂੰਨ ਨੂੰ ਵਾਪਿਸ ਲੈਣ ਦਾ ਵਾਅਦਾ ਕਰਕੇ ਮੁੱਕਰ ਗਈ ਤੇ ਅੱਜ ਕਿਸਾਨ ਸੰਘਰਸ ਕਰ ਰਹੇ ਹਨ ਜਿਸਤੋਂ ਸਾਫ ਹੋ ਗਿਆ ਹੈ ਕਿ ਇਸਦੇ ਵਾਅਦਿਆਂ ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਡਾ. ਅਮਰ ਸਿੰਘ ਨੇ ਕਿਹਾ ਕਿ ਜੇਕਰ ਦੇਸ਼ ਨੂੰ ਬਚਾਉਣਾ ਹੈ ਤਾਂ ਭਾਜਪਾ ਨੂੰ ਲਾਂਭੇ ਕਰਨਾ ਪਵੇਗਾ ਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਲੋਕ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਤਾਂ ਜੋ ਕਾਰਪੋਰੇਟ ਘਰਾਣਿਆਂ ਨੂੰ ਲਾਂਭੇ ਕਰ ਦੇਸ਼ ਦਾ ਪੈਸਾ ਆਮ ਲੋਕਾਂ ਦੀ ਖੁਸ਼ਹਾਲੀ ਲਈ ਖਰਚਿਆ ਜਾ ਸਕੇ।

ਆਪ ਉਮੀਦਵਾਰ ਜੀ.ਪੀ. ਸਿੰਘ ਤੇ ਤੰਜ ਕਸਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੀ.ਪੀ. ਸਿੰਘ ਸਭ ਤੋਂ ਵੱਡਾ ਦਲਬਦਲੂ ਹੈ ਕਿਉਂਕਿ ਹੁਣ ਤੱਕ ਉਹ ਕਈ ਪਾਰਟੀਆਂ ਬਦਲ ਚੁੱਕੇ ਹੈ ਤੇ ਧੋਖੇਬਾਜ ਵੀ ਹੈ ਕਿਉਂਕਿ ਉਸਨੇ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਸੂਝਵਾਨ ਵੋਟਰ ਸਮਝ ਚੁੱਕੇ ਹਨ ਕਿ ਦਲਬਦਲੂਆਂ ਨੂੰ ਮੂੰਹ ਨਹੀਂ ਲਾਉਣਾ ਇਸ ਲਈ ਜਿਹੜੇ ਵੀ ਸਿਆਸੀ ਪਾਰਟੀਆ ਦੇ ਆਗੂਆਂ ਨੇ ਦਲ ਬਦਲੇ ਹਨ ਉਨਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਨਾਂ ਕਿਹਾ ਕਿ ਪਿਛਲੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਉਨਾਂ ਨੇ ਲੋਕ ਸਭਾ ਵਿੱਚ 220 ਪ੍ਰਸ਼ਨ ਪੁੱਛੇ ਅਤੇ 78 ਮੁੱਦੇ ਉਠਾਏ ਤੇ ਹੁਣ ਵੀ ਲੋਕ ਉਨਾਂ ਨੂੰ ਭਾਰੀ ਬਹੁਮੱਤ ਨਾਲ ਜਿਤਾ ਕੇ ਸੰਸਦ ਵਿੱਚ ਭੇਜਣ ਤਾਂ ਜੋ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਜੋ ਵਿਕਾਸ ਕਾਰਜ ਹੋਣ ਵਾਲੇ ਹਨ ਉਨਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਸੀਨੀ. ਆਗੂ ਸ਼ਕਤੀ ਆਨੰਦ ਨੇ ਕਿਹਾ ਕਿ ਇਲਾਕੇ ਦੇ ਸਮੂਹ ਕਾਂਗਰਸੀ ਵਰਕਰ ਉਨਾਂ ਦਾ ਚੋਣ ਪ੍ਰਚਾਰ ਪੂਰੀ ਤਨਦੇਹੀ ਨਾਲ ਕਰਨਗੇ ਅਤੇ ਆੜ੍ਹਤੀ, ਕਿਸਾਨ ਤੇ ਮਜਦੂਰ ਵੀ ਕਾਂਗਰਸ ਪਾਰਟੀ ਦਾ ਡੱਟ ਕੇ ਸਾਥ ਦੇਣਗੇ। ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੱਠੂ, ਜਗਜੀਤ ਸਿੰਘ ਪ੍ਰਿਥੀਪੁਰ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਐਵਡੋਕੇਟ ਕਪਿਲ ਆਨੰਦ, ਡਾ. ਦੀਪ ਆਨੰਦ, ਸਾਬਕਾ ਪ੍ਰਧਾਨ ਅਮਰੀਕ ਸਿੰਘ ਔਜਲਾ, ਟਹਿਲ ਸਿੰਘ ਔਜਲਾ, ਤਜਿੰਦਰ ਸਿੰਘ ਸੈਣੀ, ਪਰਮਜੀਤ ਪੰਮੀ, ਅਮਰਜੀਤ ਸਿੰਘ ਕਾਲਾ, ਸੁਰਿੰਦਰ ਕੁਮਾਰ ਛਿੰਦੀ, ਨਿਤਿਨ ਜੈਨ, ਬਿੱਟੂ ਸਰਪੰਚ ਖਾਨਪੁਰ, ਬਲਵਿੰਦਰ ਰਾਏ ਸੋਨੀ, ਸ਼ਸ਼ੀ ਭਾਟੀਆ, ਅਮਿਤ ਭਾਟੀਆ, ਵਨੀਤ ਜੈਨ, ਮਨਜੀਤ ਸਿੰਘ ਭੱਟੀਆਂ, ਵਿਜੈ ਰਾਣਾ, ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਪਰਮਿੰਦਰ ਸਿੰਘ ਗੋਲਡੀ, ਅੰਮ੍ਰਿਤਪਾਲ ਸਿੰਘ, ਕੁਲਜਿੰਦਰ ਸਿੰਘ ਖੇੜਾ, ਪੀਏ ਗੁਰਮੁੱਖ ਸਿੰਘ, ਹਰਚੰਦ ਸਿੰਘ ਆਦਿ ਵੀ ਮੌਜੂਦ ਸਨ।

# ਸ਼੍ਰੋਮਣੀ ਅਕਾਲੀ ਦਲ ਫਤਿਹ ਦੇ ਸਾਂਝੇ ਉਮੀਦਵਾਰ ਨੇ ਕੀਤੀ ਪ੍ਰੈਸ ਕਾਨਫਰੰਸ



ਗੁਰੂਹਰਸਹਾਏ -ਪੰਜਾਬ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਸਾਰੀਆਂ ਹੀ ਪਾਰਟੀਆਂ ਵੱਲੋਂ ਆਪਣੇ ਆਪ ਤੇ ਉਮੀਦਵਾਰਾਂ ਦੀਆਂ ਲਿਸਟਾਂ ਘੋਸ਼ਿਤ ਕੀਤੀਆਂ ਜਾ ਰਹੀਆਂ ਹਨ ਉੱਥੇ ਹੀ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਸਰਪ੍ਰਸਤ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੱਲੋਂ ਆਪਣੀ ਨਵੀਂ ਪਾਰਟੀ ਪੰਜਾਬ ਸਮਾਜਿਕ ਗਠਜੋੜ ਅਤੇ ਸ਼੍ਰੋਮਣੀ ਅਕਾਲੀ ਦਲ ਫਤਿਹ ਬਣਾ ਕੇ ਇੱਕ ਨਵੀਂ ਜੰਗ ਛੇੜ ਦਿੱਤੀ ਗਈ ਹੈ ਇਸ ਮੌਕੇ ਗੱਲਬਾਤ ਕਰਦੇ ਹੋਏ ਅੱਜ ਦੀ ਗੁਰੂ ਹਰ ਸਹਾਇ ਪ੍ਰੈਸ ਕਲੱਬ ਦੇ ਬਣੇ ਦਫਤਰ ਵਿਖੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਦੱਸਿਆ ਕਿ ਉਹਨਾਂ ਵੱਲੋਂ ਪੰਜਾਬ ਸਮਾਜਿਕ ਗਠਜੋੜ ਅਤੇ ਸ਼੍ਰੋਮਣੀ ਅਕਾਲੀ ਦਲ ਫਤਿਹ ਦੇ ਨਾਮ ਤੇ ਇੱਕ ਪਾਰਟੀ ਬਣਾਈ ਗਈ ਹੈ ਜਿਸ ਵਿੱਚ ਉਹਨਾਂ ਵੱਲੋਂ 14 ਹਲਕਿਆਂ ਤੋਂ ਲੋਕ ਸਭਾ ਚੋਣਾਂ ਲੜੀਆਂ ਜਾ ਰਹੀਆਂ ਹਨ ਅਤੇ ਸਾਰੇ ਹੀ ਹਲਕੀਆਂ ਵਿੱਚ ਉਹਨਾਂ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਉਹਨਾਂ ਨੇ ਕਿਹਾ ਕਿ ਸਮੇਂ ਸਮੇਂ ਤੇ ਜਿਹੜੀਆਂ ਵੀ ਪਾਰਟੀਆਂ ਵੱਲੋਂ ਪੰਜਾਬ ਵਿੱਚ ਸੱਤਾ ਸੰਭਾਲੀ ਗਈ ਹੈ ਉਹਨਾਂ ਵੱਲੋਂ ਪੰਜਾਬ ਦੇ ਲੋਕਾਂ ਨੂੰ ਅਣਗੋਲਾ ਕੀਤਾ ਗਿਆ ਹੈ ਅਤੇ ਪੰਜਾਬ ਦੇ ਲੋਕਾਂ ਦੇ ਨਾਲ ਚੋਣਾਂ ਸਮੇਂ ਕੀਤੇ ਗਏ ਵੱਡੇ ਵੱਡੇ ਦਾਅਵਿਆਂ ਨੂੰ ਪੂਰਾ ਨਾ ਕਰਕੇ ਪੰਜਾਬ ਦੇ ਲੋਕਾਂ ਦੇ ਨਾਲ ਧੋਖਾ ਕੀਤਾ ਹੈ ਉਹਨਾਂ ਨੇ ਕਿਹਾ ਕਿ ਉਹ ਆਪਣੀ ਪਾਰਟੀ ਦੇ ਵੱਲੋਂ ਫਿਰੋਜਪੁਰ ਹਲਕੇ ਤੋਂ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ ਉਹਨਾਂ ਨੇ ਫਿਰੋਜਪੁਰ ਹਲਕੇ ਦੇ ਲੋਕਾਂ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਉਹਨਾਂ ਦੀ ਪਾਰਟੀ ਦੇ ਉਮੀਦਵਾਰਾਂ ਅਤੇ ਉਹਨਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿੱਤ ਹਾਸਿਲ ਕਰਵਾਨ ਉਨਾਂ ਨੇ ਪੰਜਾਬ ਦੇ ਲੋਕਾਂ ਦੇ ਨਾਲ ਅਤੇ ਫਿਰੋਪਰ ਹਲਕੇ ਦੇ ਲੋਕਾਂ ਦੇ ਨਾਲ ਵਾਅਦਾ ਕੀਤਾ ਹੈ ਕਿ ਜੇਕਰ ਲੋਕ ਉਹਨਾਂ ਤੇ ਵਿਸ਼ਵਾਸ ਕਰਕੇ ਉਹਨਾਂ ਨੂੰ ਇਸ ਵਾਰ ਜਿੱਤ ਹਾਸਿਲ ਕਰਵਾਉਂਦੇ ਹਨ ਤਾਂ ਉਹ ਉਹਦੇ ਪੰਜਾਬ ਦਾ ਨਕਸ਼ਾ ਬਦਲ ਦੇਣਗੇ ਉਹਨਾਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਦੇ ਨਾਲ ਵਾਅਦਾ ਕੀਤਾ ਗਿਆ ਸੀ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਉਹਨਾਂ ਨੇ ਕਿਹਾ ਕਿ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਾਰਟੀ ਨੂੰ ਸੱਤਾ ਵਿੱਚ ਆਏ ਨੂੰ ਪ੍ਰੰਤੂ ਪੰਜਾਬ ਦੇ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ ਪੰਜਾਬ ਦੇ ਲੋਕਾਂ ਦੇ ਨਾਲ ਕੀਤਾ ਗਿਆ ਕੋਈ ਵੀ ਵਾਅਦਾ ਆਮ ਆਦਮੀ ਪਾਰਟੀ ਵੱਲੋਂ ਪੂਰਾ ਨਹੀਂ ਕੀਤਾ ਗਿਆ ਬਾਕੀ ਪਾਰਟੀਆਂ ਦੀ ਤਰ੍ਹਾਂ ਹੀ ਇਹ ਪਾਰਟੀ ਵੀ ਮਹਿਜ ਖਾਨਾ ਪੂਰਤੀ ਹੀ ਕਰ ਰਹੀ ਹੈ ਸੁਖਚੈਨ ਸਿੰਘ ਅਤਲਾ ਜਨਰਲ ਸੈਕਟਰੀ, ਕਸ਼ਮੀਰ ਸਿੰਘ ਨਵਾਦਾ ਜਨਰਲ ਸੈਕਟਰੀ, ਗੁਰਪ੍ਰੀਤ ਸਿੰਘ ਗੁਰੀ ਅਤਲਾ ਆਦਿ ਹਾਜਰ ਸਨ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com